# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 200 Friday, October 16, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper **THE ONLY DAILY PUNJABI NEWSPAPER** *ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


# ਮਿਸੀਸਾਗਾ ਮਾਲਟਨ ਲਿਬਰਲ ਨੌਮੀਨੇਸ਼ਨ 'ਤੇ ਐਨਡੀਪੀ ਨੇ ਕੀਤੇ ਸਵਾਲ


## ਦੋ ਉਮੀਦਵਾਰਾਂ ਵੱਲੋਂ ਸ਼ਿਕਾਇਤ ਦਰਜ

ਮਿਸੀਸਾਗਾ, 15 ਅਕਤੂਬਰ (ਪੋਸਟ ਬਿਊਰੋ) : ਐਨਡੀਪੀ ਦੇ ਅਸੈਕਸ ਤੋਂ ਐਮਪੀਪੀ ਤਾਰਸ ਨੇਤੀਸਾਕ ਵੱਲੋਂ ਓਨਟਾਰੀਓ ਦੀ ਲਿਬਰਲ ਪਾਰਟੀ ਦੇ ਆਗੂ ਸਟੀਵਨ ਡੈਲ ਡੂਕਾ ਨੂੰ ਪੱਤਰ ਲਿਖ ਕੇ ਓਨਟਾਰੀਓ ਲਿਬਰਲ ਪਾਰਟੀ ਦੀ ਸਕਾਰਬੌਰੋ ਸੈਂਟਰ ਨੌਮੀਨੇਸ਼ਨ ਵਿੱਚ ਹੋਏ ਫਰਾਡ ਦਾ ਮਾਮਲਾ ਮੁੜ ਉਠਾਇਆ ਗਿਆ ਹੈ। ਉਨ੍ਹਾਂ ਆਪਣੇ ਇਸ ਤਾਜ਼ਾ ਪੱਤਰ ਵਿੱਚ ਪਿਛਲੇ ਪੱਤਰ ਦਾ ਜ਼ਿਕਰ ਕਰਦਿਆਂ ਆਖਿਆ ਕਿ ਉਸ ਦਾ ਕੋਈ ਜਵਾਬ ਨਾ ਦਿੱਤੇ ਜਾਣ ਕਾਰਨ ਦੂਜੀ ਵਾਰੀ ਉਨ੍ਹਾਂ ਨੂੰ ਇਹ ਖੇਚਲ ਕਰਨੀ ਪਈ। ਉਨ੍ਹਾਂ ਲਿਖਿਆ ਕਿ ਮਿਸੀਸਾਗਾ-ਮਾਲਟਨ ਨੌਮੀਨੇਸ਼ਨ ਵਿੱਚ ਹੋਏ ਫਰਾਡ ਦੇ ਦੋਸ਼ ਤਾਂ ਹੋਰ ਵੀ ਜ਼ਿਆਦਾ ਗੰਭੀਰ ਹਨ।



*ਅਮਨ ਗਿੱਲ ਮਿਸੀਸਾਗਾ ਮਾਲਟਨ ਤੋਂ ਐੱਮ.ਪੀ.ਪੀ. ਲਈ ਜੇਤੂ ਉਮੀਦਵਾਰ।*

ਉਨ੍ਹਾਂ ਆਖਿਆ ਕਿ ਸਕਾਰਬੌਰੋ ਵਿੱਚ ਵੋਟਰ ਫਰਾਡ, ਪਛਾਣ ਚੋਰੀ ਕਰਨ ਤੇ ਗੈਰਜਮਹੂਰੀ ਕੈਂਪੇਨ ਨੂੰ ਲੈ ਕੇ ਤੁਹਾਡੇ ਹੀ ਪਾਰਟੀ ਮੈਂਬਰਾਂ ਦੇ ਤੌਖਲੇ 7 ਅਕਤੂਬਰ ਨੂੰ ਭੇਜੇ ਗਏ ਪੱਤਰ ਵਿੱਚ ਸਾਡੇ ਵੱਲੋਂ ਉਠਾਏ ਗਏ ਸਨ। ਸਕਾਰਬੌਰੋ ਵਿੱਚ ਤੁਹਾਡੀ ਪਾਰਟੀ ਨੇ 1,195 ਲਿਬਰਲ ਮੈਂਬਰਾਂ ਨੂੰ ਇਸ ਲਈ ਨਕਾਰ ਦਿੱਤਾ ਕਿਉਂਕਿ ਉਨ੍ਹਾਂ ਦੀ ਮੈਂਬਰਸ਼ਿਪਜ਼ ਦੇ ਨਾਲ ਜਾਅਲੀ ਈਮੇਲ ਅਡਰੈੱਸ ਜੁੜੇ ਹੋਏ ਸਨ। ਜਦੋਂ ਮੀਡੀਆ ਵੱਲੋਂ ਇਸ ਬਾਰੇ ਸਵਾਲ ਕੀਤਾ ਗਿਆ ਤਾਂ ਤੁਸੀਂ ਇਹ ਆਖ ਕੇ ਪੱਲਾ ਝਾੜ ਦਿੱਤਾ ਕਿ ਤੁਹਾਡੀ ਪਾਰਟੀ ਦੀ ਨੌਮੀਨੇਸ਼ਨ ਨਾਲ ਹਮੇਸ਼ਾਂ ਇਸ ਤਰ੍ਹਾਂ ਦੀਆਂ ਗੰਦੀਆਂ ਚਾਲਾਂ ਜੁੜੀਆਂ ਹੁੰਦੀਆਂ ਹਨ।



*ਮੰਨੂੰ ਦੱਤਾ ਵਿਰੋਧੀ ਉਮੀਦਵਾਰ*

ਹੁਣ ਅਜਿਹਾ ਹੀ ਮਾਮਲਾ ਮਿਸੀਸਾਗਾ-ਮਾਲਟਨ ਨੌਮੀਨੇਸ਼ਨ ਵਿੱਚ ਵੀ ਸਾਹਮਣੇ ਆਇਆ ਹੈ। ਲੋਕਲ ਪਾਰਟੀ ਪ੍ਰੈਜ਼ੀਡੈਂਟ ਜਸਵੰਤ ਮਾਂਗਟ ਵੱਲੋਂ ਇਹ ਦੋਸ਼ ਲਾਇਆ ਗਿਆ ਹੈ ਕਿ ਲਗਭਗ 250 ਮੈਂਬਰਾਂ ਨਾਲ ਫਰਾਡ ਕੀਤਾ ਗਿਆ ਕਿਉਂਕਿ ਵਿਰੋਧੀ ਕੈਂਪੇਨ ਨੇ ਜਾਅਲੀ ਈਮੇਲ ਆਈਡੀਜ਼ ਲਿਬਰਲ ਪਾਰਟੀ ਮੈਂਬਰਸ਼ਿਪਸ ਨਾਲ ਜੋੜ ਦਿੱਤੀਆਂ। ਫਿਰ ਇਨ੍ਹਾਂ ਈਮੇਲਜ਼ ਦੀ ਵਰਤੋਂ ਪਿੰਨਜ਼ ਹਾਸਲ ਕਰਨ ਲਈ ਕੀਤੀ ਗਈ ਤੇ ਇਨ੍ਹਾਂ ਮੈਂਬਰਾਂ ਦੀ ਰਜ਼ਾਮੰਦੀ ਤੋਂ ਬਿਨਾਂ ਇਨ੍ਹਾਂ ਦੀਆਂ ਆਈਡੀਜ਼ ਦੀ ਵਰਤੋਂ ਕਰਦਿਆਂ ਹੋਇਆਂ ਮਰਜ਼ੀ ਦੇ ਉਮੀਦਵਾਰ ਨੂੰ ਵੋਟਾਂ ਪਾਈਆਂ ਗਈਆਂ।

...ਬਾਕੀ ਪੰਨਾ 6 'ਤੇ

# ਦੂਜੇ ਲਾਕਡਾਊਨ ਕਾਰਨ ਓਨਟਾਰੀਓ ਨੂੰ ਪੈ ਸਕਦਾ ਹੈ 39 ਬਿਲੀਅਨ ਡਾਲਰ ਦਾ ਘਾਟਾ




ਓਨਟਾਰੀਓ, 15 ਅਕਤੂਬਰ (ਪੋਸਟ ਬਿਊਰੋ) : ਓਨਟਾਰੀਓ ਦੇ ਫਿਸਕਲ ਵਾਚਡੌਗ ਦਾ ਕਹਿਣਾ ਹੈ ਕਿ ਗਰਮੀਆਂ ਦੇ ਮੌਸਮ ਵਿੱਚ ਕਾਰੋਬਾਰਾਂ ਦੇ ਮੁੜ ਖੁੱਲ੍ਹਣ ਨਾਲ ਪ੍ਰੋਵਿੰਸ ਦੀ ਵਿੱਤੀ ਸਥਿਤੀ ਵਿੱਚ ਕਾਫੀ ਸੁਧਾਰ ਹੋਇਆ। ਪਰ ਇਸ ਦੇ ਨਾਲ ਹੀ ਉਨ੍ਹਾਂ ਇਹ ਚੇਤਾਵਨੀ ਵੀ ਦਿੱਤੀ ਕਿ ਕੋਵਿਡ-19 ਮਹਾਂਮਾਰੀ ਕਾਰਨ ਜੇ ਦੂਜੀ ਵਾਰੀ ਲਾਕਡਾਊਨ ਹੁੰਦਾ ਹੈ ਤਾਂ ਅਗਲੇ ਸਾਲ ਪ੍ਰੋਵਿੰਸ ਦੀ ਆਰਥਿਕ ਰਿਕਵਰੀ ਮੱਠੀ ਪੈ ਸਕਦੀ ਹੈ।

ਫਾਇਨਾਂਸ਼ੀਅਲ ਐਕਾਊਂਟੇਬਿਲਿਟੀ ਆਫਿਸ (ਐਫ ਏ ਓ) ਦਾ ਕਹਿਣਾ ਹੈ ਕਿ ਇਕਨੌਮਿਕ ਰੀਓਪਨਿੰਗ ਉਮੀਦ ਨਾਲ ਕਿਤੇ ਜਲਦੀ ਤੇ ਵਧੀਆ ਰਹੀ। ਜਿਸ ਦੇ ਨਤੀਜੇ ਵਜੋਂ ਏਜੰਸੀ ਵੱਲੋਂ ਪ੍ਰੋਵਿੰਸ ਦਾ ਕੁੱਲ ਘਰੇਲੂ ਉਤਪਾਦ (ਜੀ ਡੀ ਪੀ), ਜਿਹੜਾ ਨੌਂ ਫੀ ਸਦੀ ਤੱਕ ਡਿੱਗਣ ਦੀ ਪੇਸ਼ੀਨਿਗੋਈ ਕੀਤੀ ਗਈ ਸੀ ਹੁਣ 6.8 ਫੀ ਸਦੀ ਤੱਕ ਘਟਣ ਦੀ ਉਮੀਦ ਜਤਾਈ ਗਈ ਹੈ।

ਐਫ ਏ ਓ ਦਾ ਕਹਿਣਾ ਹੈ ਕਿ ਮਹਾਂਮਾਰੀ ਦੇ ਕਾਬੂ ਵਿੱਚ ਰਹਿਣ ਦੀ ਉਮੀਦ ਨਾਲ ਅਗਲੇ ਸਾਲ ਪ੍ਰੋਵਿੰਸ ਦਾ ਆਰਥਿਕ ਵਿਕਾਸ ਤੇਜ਼ੀ ਤੇ ਮਜ਼ਬੂਤੀ ਨਾਲ ਹੋਣ ਦਾ ਕਿਆਸ ਕੀਤਾ ਜਾ ਸਕਦਾ ਹੈ। ਪਰ ਜੇ ਕੋਵਿਡ-19 ਦੇ ਮੱਦੇਨਜ਼ਰ ਮੁੜ ਪਾਬੰਦੀਆਂ ਲਾਈਆਂ ਜਾਂਦੀਆਂ ਹਨ ਤਾਂ ਇਸ ਨਾਲ ਅਰਥਚਾਰੇ ਨੂੰ ਕਾਫੀ ਨੁਕਸਾਨ ਪਹੁੰਚ ਸਕਦਾ ਹੈ।

...ਬਾਕੀ ਪੰਨਾ 6 'ਤੇ


Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

INSURANCE
○Home ○Auto
○Business ○Trucking
○Life Insurance ○Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1


# ਮੈਂਗ ਨੂੰ ਰਿਹਾਅ ਕਰਨ ਨਾਲ ਸੁਧਰ ਸਕਦੇ ਹਨ ਕੈਨੇਡਾ ਤੇ ਚੀਨ ਦੇ ਸਬੰਧ : ਕੌਂਗ

ਓਟਵਾ, 15 ਅਕਤੂਬਰ (ਪੋਸਟ ਬਿਊਰੋ) : ਚੀਨ ਦੇ ਕੈਨੇਡਾ ਵਿੱਚ ਅੰਬੈਸਡਰ ਕੌਂਗ ਪੇਵੂ ਵੱਲੋਂ ਇਸ ਗੱਲ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ ਦਾ ਦੇਸ਼ ਜਬਰਦਸਤ ਕੂਟਨੀਤੀ ਵਿੱਚ ਰੁੱਝਿਆ ਹੋਇਆ ਹੈ। ਪਰ ਉਨ੍ਹਾਂ ਆਖਿਆ ਕਿ ਹੁਆਵੇ ਦੀ ਐਗਜ਼ੈਕਟਿਵ ਮੈਂਗ ਵਾਨਜ਼ੋਊ ਨੂੰ ਰਿਹਾਅ ਕਰਨ ਨਾਲ ਦੁਵੱਲੇ ਸਬੰਧਾਂ ਵਿੱਚ ਸੁਧਾਰ ਹੋਵੇਗਾ।

ਇਸ ਹਫਤੇ ਦੇ ਸ਼ੁਰੂ ਵਿੱਚ ਟਰੂਡੋ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਉੱਤੇ ਪ੍ਰਤੀਕਿਰਿਆ ਪ੍ਰਗਟਾਉਂਦਿਆਂ ਕੌਂਗ ਨੇ ਵੀਰਵਾਰ ਨੂੰ ਆਖਿਆ ਕਿ ਚੀਨ ਵੱਲੋਂ ਕੋਈ ਵੀ ਕੂਟਨੀਤਿਕ ਚਾਲ ਨਹੀਂ ਚੱਲੀ ਜਾ ਰਹੀ। ਜ਼ਿਕਰਯੋਗ ਹੈ ਕਿ ਟਰੂਡੋ ਨੇ ਮੰਗਲਵਾਰ ਨੂੰ ਇਹ ਆਖਿਆ ਸੀ ਕਿ ਅਸੀਂ ਆਪਣੇ ਸਹਿਯੋਗੀਆਂ ਨਾਲ



ਰਲ ਕੇ ਕੰਮ ਕਰਨ ਲਈ ਵਚਨਬੱਧ ਹਾਂ, ਪਰ ਚੀਨ ਆਪਣੀਆਂ ਕੂਟਨੀਤਿਕ ਚਾਲਾਂ, ਮਨਮਰਜ਼ੀ ਨਾਲ ਨਜ਼ਰਬੰਦ ਕੀਤੇ ਗਏ ਦੋ ਕੈਨੇਡੀਅਨ ਨਾਗਰਿਕਾਂ ਦੇ ਨਾਲ ਨਾਲ ਹੋਰਨਾਂ ਦੇਸ਼ਾਂ ਦੇ ਨਾਗਰਿਕਾਂ ਨੂੰ ਨਜ਼ਰਬੰਦ ਕਰਕੇ ਆਪਣੀ ਅੜੀ ਪੁਗਾਉਣੀ ਚਾਹੁੰਦਾ ਹੈ ਪਰ ਇਹ ਕੋਈ ਬਹੁਤ ਸਫਲ ਹੱਥਕੰਢਾ ਨਹੀਂ ਹੈ।

...ਬਾਕੀ ਪੰਨਾ 6 'ਤੇ

# ਅਗਲੇ ਮਹੀਨੇ ਤੋਂ ਓਨਟਾਰੀਓ ਵਾਸੀਆਂ ਲਈ ਹਾਈਡਰੋ ਦਰਾਂ ਵਿੱਚ ਹੋਵੇਗਾ ਵਾਧਾ



ਟੋਰਾਂਟੋ, 15 ਅਕਤੂਬਰ (ਪੋਸਟ ਬਿਊਰੋ) : ਇਸ ਮਹੀਨੇ ਦੇ ਅੰਤ ਵਿੱਚ ਓਨਟਾਰੀਓ ਸਰਕਾਰ ਹਾਈਡਰੋ ਦਰਾਂ ਵਿੱਚ ਵਾਧਾ ਕਰਨ ਜਾ ਰਹੀ ਹੈ। ਇਸ ਨਾਲ ਇਲੈਕਟ੍ਰਿਸਿਟੀ ਬਿੱਲ ਵਿੱਚ ਔਸਤਨ 2.24 ਡਾਲਰ ਦਾ ਵਾਧਾ ਹੋਵੇਗਾ।

ਜੂਨ ਵਿੱਚ ਪ੍ਰੋਵਿੰਸ ਵੱਲੋਂ ਇਹ ਐਲਾਨ ਕੀਤਾ ਗਿਆ ਸੀ ਕਿ ਕੋਵਿਡ-19 ਮਹਾਂਮਾਰੀ ਕਾਰਨ ਆਪਣੇ ਘਰਾਂ ਵਿੱਚ ਰਹਿ ਕੇ ਆਪਣੇ ਬੱਚਿਆਂ ਦਾ ਧਿਆਨ ਰੱਖ ਰਹੇ ਪਰਿਵਾਰਾਂ ਦੀ ਮਦਦ ਕਰਨ ਵਾਲਿਆਂ ਤੇ ਘਰ ਰਹਿ ਕੇ ਕੰਮ ਕਰਨ ਵਾਲਿਆਂ ਦੀ ਮਦਦ ਲਈ ਖਪਤਕਾਰਾਂ ਕੋਲੋਂ ਇੱਕੋ ਜਿੰਨੇ ਪੈਸੇ ਵਸੂਲੇ ਜਾਣਗੇ। ਇਸ ਤੋਂ ਭਾਵ ਸੀ ਕਿ ਪਹਿਲੀ ਜੂਨ ਤੇ 31 ਅਕਤੂਬਰ ਦਰਮਿਆਨ ਓਨਟਾਰੀਓ ਵਾਸੀਆਂ ਤੋਂ ਪ੍ਰਤੀ ਕਿਲੋਵਾਟ ਘੰਟੇ ਲਈ 10 ਤੋਂ 20 ਸੈਂਟ ਦਰਮਿਆਨ ਰੇਟਾਂ ਦੀ ਥਾਂ ਉੱਤੇ 12.5 ਸੈਂਟ ਵਰਤੋਂ ਦੇ ਸਮੇਂ ਦੇ ਹਿਸਾਬ ਨਾਲ ਉਨ੍ਹਾਂ ਦੀ ਬਿਜਲੀ ਦੀ ਖਪਤ ਲਈ ਵਸੂਲੇ ਜਾਣੇ ਸਨ। ਪਰ ਇਸ ਮਹੀਨੇ ਦੇ ਅੰਤ ਤੱਕ ਇਨ੍ਹਾਂ ਦਰਾਂ ਵਿੱਚ ਇੱਕ ਵਾਰੀ ਫਿਰ ਤਬਦੀਲੀ ਕੀਤੀ ਜਾਣੀ ਹੈ।

...ਬਾਕੀ ਪੰਨਾ 6 'ਤੇ

# ਸੀਨੀਓਰਿਟੀ ਦੇ ਆਧਾਰ 'ਤੇ ਨਹੀ ਵੱਧ ਯੋਗਤਾ ਵਾਲੇ ਅਧਿਆਪਕਾਂ ਨੂੰ ਕੀਤਾ ਜਾਵੇਗਾ ਹਾਇਰ : ਲਿਚੇ

ਓਨਟਾਰੀਓ, 15 ਅਕਤੂਬਰ (ਪੋਸਟ ਬਿਊਰੋ) : ਟੀਚਰਜ਼ ਨੂੰ ਹਾਇਰ ਕਰਨ ਲਈ ਇੱਕ ਵਿਵਾਦਗ੍ਰਸਤ ਨਿਯਮ ਨੂੰ ਅੱਜ ਖਤਮ ਕਰ ਦਿੱਤਾ ਗਿਆ। ਇਸ ਨਾਲ ਹੁਣ ਐਜੂਕੇਟਰਜ਼ ਦੀ ਅਗਲੀ ਪੀੜ੍ਹੀ ਲਈ ਰਾਹ ਪੱਧਰਾ ਹੋ ਗਿਆ ਹੈ।

ਸਿੱਖਿਆ ਮੰਤਰੀ ਸਟੀਫਨ ਲਿਚੇ ਵੱਲੋਂ ਪ੍ਰੋਵਿੰਸ ਦੇ ਇਸ ਫੈਸਲੇ ਦਾ ਐਲਾਨ ਕੀਤਾ ਗਿਆ। ਇਸ ਵਿਵਾਦਗ੍ਰਸਤ ਨਿਯਮ ਤਹਿਤ ਇੱਕ ਦਹਾਕੇ ਤੱਕ ਉਨ੍ਹਾਂ ਅਧਿਆਪਕਾਂ ਨੂੰ ਪਾਰਟ ਟਾਈਮ ਜਾਂ ਫੁੱਲ ਟਾਈਮ ਪੁਜ਼ੀਸ਼ਨਜ਼ ਲਈ ਤਰਜੀਹ ਦਿੱਤੀ ਜਾਂਦੀ ਰਹੀ ਜਿਹੜੇ ਸੀਨੀਅਰ ਹੁੰਦੇ ਸਨ। ਵੀਰਵਾਰ ਨੂੰ ਇਹ ਐਲਾਨ ਕਰਦਿਆਂ ਲਿਚੇ ਨੇ ਆਖਿਆ ਕਿ ਓਨਟਾਰੀਓ ਦੇ ਹਰ ਬੱਚੇ



ਨੂੰ ਹੱਕ ਹੈ ਕਿ ਉਹ ਸੱਭ ਤੋਂ ਵੱਧ ਯੋਗਤਾ ਪ੍ਰਾਪਤ ਅਧਿਆਪਕ ਤੋਂ ਤਾਲੀਮ ਹਾਸਲ ਕਰੇ। ਇਸ ਲਈ ਸਾਡੀ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਸਕੂਲਾਂ ਵਿੱਚ ਹੁਣ ਸੀਨੀਓਰਿਟੀ ਨੂੰ ਨਹੀਂ ਸੱਭ ਤੋਂ ਵੱਧ ਯੋਗਤਾ ਪ੍ਰਾਪਤ ਅਧਿਆਪਕਾਂ ਨੂੰ ਪਹਿਲ ਦਿੱਤੀ ਜਾਵੇਗੀ। ਲੰਮੇਂ ਸਮੇਂ ਤੋਂ ਫੋਰਡ ਸਰਕਾਰ ਇਸ ਪ੍ਰਕਿਰਿਆ ਦੇ ਖਿਲਾਫ ਸੀ।


AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355 Aman Sharma
25 Cherrycrest Drive, Unit # 6 Brampton, ON, L6P 3W4 Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

N M Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
☆ Best INR Rate
☆ Fastest Service
☆ 24x7 Service
☆ Secure Transaction
☆ Special Business Account
Toll Free: 1833 823 5439 | 647 783 0049

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish • Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001 NC Dhawan Certified Instructor

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

ਨਵਾਂ ਘਾਹ ਲਵਾਉ | 647-784-1213 www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca


PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੰਮੀਗ੍ਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3 905-362-0755 Shinder Kelley

You can Place Your Business Here To Reach Wider Audience


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਜਿਨਪਿੰਗ ਨੇ ਆਪਣੀ ਸੈਨਾ ਨੂੰ ਜੰਗ ਲਈ ਤਿਆਰ ਰਹਿਣ ਦੇ ਦਿੱਤੇ ਹੁਕਮ



ਬੀਜਿੰਗ, 15 ਅਕਤੂਬਰ (ਪੋਸਟ ਬਿਊਰੋ) : ਚੀਨ ਤੇ ਤਾਇਵਾਨ ਦਰਮਿਆਨ ਤਣਾਅ ਵਧਣ ਤੋਂ ਬਾਅਦ ਚੀਨ ਦੇ ਰਾਸ਼ਟਰਪਤੀ ਜੀ ਜਿਨਪਿੰਗ ਨੇ ਆਪਣੇ ਦੇਸ਼ ਦੀ ਸੈਨਾ ਨੂੰ ਜੰਗ ਦੀ ਤਿਆਰੀ ਕਰਨ ਦੇ ਹੁਕਮ ਦੇ ਦਿੱਤੇ ਹਨ। ਇਹ ਖੁਲਾਸਾ ਜ਼ਿਨਹੁਆ ਦੀ ਸਰਕਾਰੀ ਨਿਊਜ਼ ਏਜੰਸੀ ਦੀ ਰਿਪੋਰਟ ਵਿੱਚ ਕੀਤਾ ਗਿਆ।

ਜ਼ੀ ਨੇ ਇਹ ਟਿੱਪਣੀਆਂ ਗੁਆਂਗਡੌਂਗ ਪ੍ਰੋਵਿੰਸ ਵਿੱਚ ਫੌਜੀ ਟਿਕਾਣੇ ਉੱਤੇ ਮਰੀਨ ਫੌਜੀ ਟੁਕੜੀਆਂ ਦਾ ਨਰੀਖਣ ਕਰਨ ਸਮੇਂ ਕੀਤੀਆਂ। ਜ਼ੀ ਦੇ ਇਸ ਦੌਰੇ ਦਾ ਅਸਲ ਮਕਸਦ ਸ਼ੈਨਜ਼ੈਨ ਸਪੈਸ਼ਲ ਇਕਨੌਮਿਕ ਜ਼ੋਨ ਦੀ 40ਵੀਂ ਵਰ੍ਹੇਗੰਢ ਦੇ ਜਸ਼ਨ ਮਨਾਉਣਾ ਸੀ। ਪਰ ਇਹ ਟਿੱਪਣੀ ਉਸ ਸਮੇਂ ਆਈ ਹੈ ਜਦੋਂ ਚੀਨ ਦੇ ਸਬੰਧ ਕੈਨੇਡਾ ਤੇ ਅਮਰੀਕਾ ਤੋਂ ਇਲਾਵਾ ਹੋਰਨਾਂ ਦੇਸ਼ਾਂ ਨਾਲ ਵੀ ਕੋਈ ਬਹੁਤੇ ਸੁਖਾਵੇਂ ਨਹੀਂ ਹਨ।

ਇਸ ਮਹੀਨੇ ਦੇ ਅੰਤ ਵਿੱਚ ਰੌਇਲ ਕੈਨੇਡੀਅਨ ਨੇਵੀ ਦੇ ਬੇੜੇ ਜਾਪਾਨ ਵਿੱਚ ਸੈਲਫ ਡਿਫੈਂਸ ਫੋਰਸਿਜ਼ ਤੇ ਯੂਐਸ ਮਿਲਟਰੀ ਦੀਆਂ ਸਾਂਝੀਆਂ ਫੌਜੀ ਮਸ਼ਕਾਂ ਵਿੱਚ ਹਿੱਸਾ ਲੈਣਗੇ। ਚੀਨ ਦੇ ਰਾਸ਼ਟਰਪਤੀ ਲਈ ਹਾਲ ਦੀ ਘੜੀ ਚਿੰਤਾ ਦਾ ਵਿਸ਼ਾ ਤਾਇਵਾਨ ਹੈ। ਜ਼ਿਕਰਯੋਗ ਹੈ ਕਿ ਕਈ ਦਹਾਕਿਆਂ ਤੋਂ ਚੀਨ, ਤਾਇਵਾਨ ਉੱਤੇ ਆਪਣਾ ਦਾਅਵਾ ਕਰਦਾ ਰਿਹਾ ਹੈ। ਪਿਛਲੇ ਮਹੀਨਿਆਂ ਵਿੱਚ ਇਹ ਖੜੋਤ ਹੋਰ ਵੱਧ ਗਈ। ਚੀਨ ਦੇ ਲੜਾਕੂ ਜਹਾਜ਼ਾਂ ਤੇ ਨੇਵੀ ਦੇ ਬੇੜਿਆਂ ਨੂੰ ਤਾਇਵਾਨ ਦੇ ਇਲਾਕੇ ਵਿੱਚ ਜਾਂਦਿਆਂ ਵੇਖਿਆ ਗਿਆ ਹੈ।

# 26 ਸਾਲਾ ਲਾਪਤਾ ਵਿਅਕਤੀ ਦੀ ਭਾਲ ਕਰ ਰਹੀ ਹੈ ਟੋਰਾਂਟੋ ਪੁਲਿਸ



ਟੋਰਾਂਟੋ, 15 ਅਕਤੂਬਰ (ਪੋਸਟ ਬਿਊਰੋ) : ਕੁਈਨ ਵੈਸਟ ਦੇ ਨੇੜਲੇ ਇਲਾਕੇ ਤੋਂ ਲਾਪਤਾ 26 ਸਾਲਾ ਵਿਅਕਤੀ ਦੀ ਟੋਰਾਂਟੋ ਪੁਲਿਸ ਭਾਲ ਕਰ ਰਹੀ ਹੈ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਸੈਬੀਅਨ ਮਾਰਕ ਡੀਲੌਂਗ ਨੂੰ ਆਖਰੀ ਵਾਰੀ ਬੁੱਧਵਾਰ ਨੂੰ ਕੁਈਨ ਸਟਰੀਟ ਵੈਸਟ ਤੇ ਓਸਿੰਗਟਨ ਐਵਨਿਊ ਏਰੀਆ ਵਿੱਚ ਦੁਪਹਿਰੇ 2:00 ਵਜੇ ਵੇਖਿਆ ਗਿਆ ਸੀ। ਆਪਣੇ ਪਿਛਲੇ ਟਵੀਟ ਵਿੱਚ ਅਧਿਕਾਰੀਆਂ ਨੇ ਲੋਕਾਂ ਨੂੰ ਚੇਤਾਵਨੀ ਦਿੰਦਿਆਂ ਆਖਿਆ ਸੀ ਕਿ ਕੋਈ ਉਸ ਦੇ ਨੇੜੇ ਨਾ ਜਾਵੇ ਉਹ ਖਤਰਨਾਕ ਹੋ ਸਕਦਾ ਹੈ।

ਪੁਲਿਸ ਨੇ ਦੱਸਿਆ ਕਿ ਡੀਲੌਂਗ ਦਾ ਲਾਪਤਾ ਹੋਣ ਦਾ ਇਤਿਹਾਸ ਹੈ ਤੇ ਉਹ ਉਸ ਦੀ ਸੇਫਟੀ ਨੂੰ ਲੈ ਕੇ ਚਿੰਤਤ ਹਨ। 26 ਸਾਲਾ ਡੀਲੌਂਗ 5 ਫੁੱਟ 10 ਇੰਚ, 160 ਪਾਊਂਡ, ਪਤਲੀ ਕੱਦ ਕਾਠੀ, ਕਾਲੇ ਵਾਲਾਂ ਤੇ ਭੂਰੀਆਂ ਅੱਖਾਂ ਵਾਲਾ ਦੱਸਿਆ ਜਾਂਦਾ ਹੈ। ਉਸ ਨੂੰ ਆਖਰੀ ਵਾਰੀ ਕਾਲੇ ਰੰਗ ਦੀ ਹੈਟ, ਗ੍ਰੇਅ ਹੁਡੀ, ਕਾਲੀ ਸ਼ਰਟ ਤੇ ਜੀਨਜ਼ ਪਾਇਆਂ ਵੇਖਿਆ ਗਿਆ ਸੀ।

# ਫੀਏਟ ਕ੍ਰਾਈਸਲਰ ਤੇ ਯੂਨੀਫੌਰ ਦਰਮਿਆਨ ਡੀਲ ਸਿਰੇ ਚੜ੍ਹੀ



ਓਨਟਾਰੀਓ, 15 ਅਕਤੂਬਰ (ਪੋਸਟ ਬਿਊਰੋ) : ਫੀਏਟ ਕ੍ਰਾਈਸਲਰ ਤੇ ਹਜ਼ਾਰਾਂ ਕੈਨੇਡੀਅਨ ਆਟੋ ਵਰਕਰਜ਼ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਦਰਮਿਆਨ ਸਮਝੌਤਾ ਆਖਿਰਕਾਰ ਸਿਰੇ ਚੜ੍ਹ ਹੀ ਗਿਆ।

ਯੂਨੀਫੌਰ ਵੱਲੋਂ ਬੀਤੀ ਦੇਰ ਰਾਤ ਇਸ ਸਮਝੌਤੇ ਦਾ ਐਲਾਨ ਕੀਤਾ ਗਿਆ। ਇਸ ਦੇ ਪ੍ਰਧਾਨ ਜੈਰੀ ਡਾਇਸ ਵੱਲੋਂ ਇਸ ਸਬੰਧੀ ਹੋਰ ਵੇਰਵੇ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ। ਜੇ ਇਹ ਡੀਲ ਸਿਰੇ ਨਾ ਚੜ੍ਹੀ ਹੁੰਦੀ ਤਾਂ ਇਸ ਆਟੋ ਨਿਰਮਾਤਾ ਕੰਪਨੀ ਦੇ ਨੌਰਥ ਅਮੈਰੀਕਨ ਕੰਮਕਾਜ ਉੱਤੇ ਮਾੜਾ ਅਸਰ ਹੋਣਾ ਸੀ, ਮੁਲਾਜ਼ਮਾਂ ਨੇ ਹੜਤਾਲ ਕਰ ਦੇਣੀ ਸੀ ਤੇ ਕਈ ਮਿਨੀਵੈਨਜ਼ ਤੇ ਸੇਡਾਨਜ਼ ਦੀ ਅਸੈਂਬਲੀ ਦਾ ਕੰਮ ਵੀ ਰੁਕ ਜਾਣਾ ਸੀ। ਪਿਛਲੇ ਮਹੀਨੇ ਫੋਰਡ ਵੱਲੋਂ ਯੂਨੀਅਨ ਨਾਲ ਤਿੰਨ ਸਾਲਾ ਡੀਲ ਸਿਰੇ ਚੜ੍ਹਾਉਣ ਤੋਂ ਬਾਅਦ ਹੀ ਫੀਏਟ ਕ੍ਰਾਈਸਲਰ ਵੱਲੋਂ ਇਹ ਡੀਲ ਨੇਪਰੇ ਚੜ੍ਹਾਈ ਗਈ ਹੈ। ਹੁਣ ਯੂਨੀਅਨ ਦਾ ਸਾਰਾ ਧਿਆਨ ਜਨਰਲ ਮੋਟਰਜ਼ ਨਾਲ ਡੀਲ ਸਿਰੇ ਚੜ੍ਹਾਉਣ ਉੱਤੇ ਲੱਗ ਗਿਆ ਹੈ।

# ਮਿਸੀਸਾਗਾ ਵਿੱਚ ਦੋ ਕਾਰ ਜੈਕਿੰਗਜ਼ ਦੀ ਜਾਂਚ ਕਰ ਰਹੀ ਹੈ ਪੁਲਿਸ




ਮਿਸੀਸਾਗਾ, 15 ਅਕਤੂਬਰ (ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ ਕੁੱਝ ਮਿੰਟਾਂ ਦੀ ਦੇਰੀ ਨਾਲ ਮਿਸੀਸਾਗਾ ਵਿੱਚ ਹੋਈਆਂ ਦੋ ਕਾਰਜੈਕਿੰਗਜ਼ ਦੀ ਪੀਲ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਪੁਲਿਸ ਅਧਿਕਾਰੀਆਂ ਨੂੰ ਰਾਤੀਂ 11:40 ਉੱਤੇ ਐਰਿਨ ਮਿਲਜ਼ ਪਾਰਕਵੇਅ ਤੇ ਸ਼ੈਰੀਡੀਅਨ ਪਾਰਕ ਡਰਾਈਵ ਨੇੜਿਓਂ ਨੀਲੇ ਰੰਗ ਦੀ ਹੌਂਡਾ ਸਿਵਿਕ ਕਾਰ ਚੋਰੀ ਹੋਣ ਦੀਆਂ ਖਬਰਾਂ ਮਿਲੀਆਂ। ਇਹ ਗੱਡੀ ਬਾਅਦ ਵਿੱਚ ਮਿਲ ਵੀ ਗਈ ਤੇ ਇਸ ਸਬੰਧ ਵਿੱਚ ਦੋ ਮਹਿਲਾਵਾਂ ਨੂੰ ਹਿਰਾਸਤ ਵਿੱਚ ਲਿਆ ਗਿਆ।

ਇਸ ਤੋਂ ਥੋੜ੍ਹੀ ਦੇਰ ਬਾਅਦ ਬਰੈਂਪਟਨ ਵਿੱਚ ਪੁਲਿਸ ਨੂੰ ਰਾਤੀਂ 11:50 ਉੱਤੇ 2017 ਮਾਡਲ ਦੀ ਕਾਲੇ ਰੰਗ ਦੀ ਫੋਰਡ ਐਸਕੇਪ ਚੋਰੀ ਹੋਣ ਦੀ ਖਬਰ ਮਿਲੀ। ਇਹ ਕਾਰ ਕੈਨੇਡੀ ਰੋਡ ਨੌਰਥ ਤੇ ਵੌਡਨ ਸਟਰੀਟ ਈਸਟ ਤੋਂ ਚੋਰੀ ਕੀਤੀ ਗਈ। ਪੁਲਿਸ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਗੱਡੀ ਦੇ ਸਾਹਮਣੇ ਵਾਲੇ ਹਿੱਸੇ ਵਿੱਚ ਨੁਕਸਾਨ ਹੋਇਆ। ਇਸ ਦੌਰਾਨ ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ। ਪੁਲਿਸ ਦਾ ਕਹਿਣਾ ਹੈ ਕਿ ਉਹ ਇੱਕ ਮਸ਼ਕੂਕ ਦੀ ਭਾਲ ਕਰ ਰਹੀ ਹੈ। ਪਰ ਉਸ ਮਸ਼ਕੂਕ ਦਾ ਵੇਰਵਾ ਸਪਸ਼ਟ ਨਹੀਂ ਹੋ ਪਾਇਆ।

# 36 ਸਾਲ ਬਾਅਦ ਸੁਲਝੀ ਨੌਂ ਸਾਲਾ ਕ੍ਰਿਸਟੀਨ ਜੈਸਪ ਦੇ ਕਤਲ ਦੀ ਗੁੱਥੀ





ਟੋਰਾਂਟੋ, 15 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਨੇ 36 ਸਾਲ ਪਹਿਲਾਂ 9 ਸਾਲਾ ਕ੍ਰਿਸਟੀਨ ਜੈਸਪ ਦੇ ਹੋਏ ਕਤਲ ਦੀ ਗੁੱਥੀ ਨੂੰ ਆਖਿਰਕਾਰ ਡੀਐਨਏ ਦੀ ਮਦਦ ਨਾਲ ਸੁਲਝਾਉਣ ਦਾ ਦਾਅਵਾ ਕੀਤਾ ਹੈ।

ਪੁਲਿਸ ਚੀਫ ਜੇਮਜ਼ ਰੈਮਰ ਨੇ ਦੱਸਿਆ ਕਿ ਮਸ਼ਕੂਕ ਕੈਲਵਿਨ ਹੂਵਰ, ਜੋ ਕਿ ਟੋਰਾਂਟੋ ਦਾ ਹੀ ਵਸਨੀਕ ਸੀ, ਦੀ 2015 ਵਿੱਚ ਮੌਤ ਹੋ ਗਈ ਸੀ। ਜਾਂਚਕਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਹੂਵਰ ਨੇ ਖੁਦਕੁਸ਼ੀ ਕੀਤੀ ਸੀ ਤੇ ਉਸ ਦੀ ਮੌਤ ਦੇ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਗੜਬੜ ਦਰਜ ਨਹੀਂ ਕੀਤੀ ਗਈ।

ਰੈਮਰ ਨੇ ਆਖਿਆ ਕਿ ਜੇ ਉਹ ਜਿਊਂਦਾ ਹੁੰਦਾ ਤਾਂ ਉਸ ਨੂੰ ਜੈਸਪ ਦੇ ਕਤਲ ਦੇ ਦੋਸ਼ ਵਿੱਚ ਚਾਰਜ ਜ਼ਰੂਰ ਕੀਤਾ ਜਾਂਦਾ। ਇਹ ਵੀ ਦੱਸਿਆ ਗਿਆ ਕਿ ਹੂਵਰ ਜੈਸਪ ਪਰਿਵਾਰ ਦਾ ਜਾਣਕਾਰ ਸੀ। ਹੂਵਰ ਤੇ ਉਸ ਦੀ ਪਤਨੀ ਜੈਸਪ ਪਰਿਵਾਰ ਦੇ ਗੁਆਂਢ ਵਿੱਚ ਰਹਿੰਦੇ ਸਨ ਤੇ ਉਨ੍ਹਾਂ ਦੀ ਇਸ ਪਰਿਵਾਰ ਦੇ ਘਰ ਆਮ ਆਉਣੀ ਜਾਣੀ ਸੀ। ਰੈਮਰ ਨੇ ਦੱਸਿਆ ਕਿ ਡੀਐਨਏ ਤੇ ਜੈਨੇਟਿਕ ਜੀਨੀਓਲੋਜੀ ਦੀ ਮਦਦ ਨਾਲ ਉਹ ਕਾਤਲ ਦੀ ਪਛਾਣ ਕਰਨ ਵਿੱਚ ਕਾਮਯਾਬ ਰਹੇ।

ਪੁਲਿਸ ਚੀਫ ਨੇ ਦੱਸਿਆ ਕਿ ਹੂਵਰ ਦਾ ਮੁਜਰਮਾਨਾ ਰਿਕਾਰਡ ਵੀ ਸੀ ਪਰ ਜਾਂਚ ਨਾਲ ਉਸ ਦਾ ਕੋਈ ਲੈਣਾ ਦੇਣਾ ਨਹੀਂ ਸੀ। ਕੁਈਨਜ਼ਵਿੱਲ, ਓਨਟਾਰੀਓ ਦੀ ਕ੍ਰਿਸਟੀਨ ਨੂੰ ਆਖਰੀ ਵਾਰੀ 3 ਅਕਤੂਬਰ, 1984 ਨੂੰ ਵੇਖਿਆ ਗਿਆ। ਉਸ ਦੀ ਲਾਸ਼ ਤਿੰਨ ਮਹੀਨੇ ਬਾਅਦ ਮਿਲੀ। ਉਸ ਦਾ ਜਿਨਸੀ ਸ਼ੋਸ਼ਣ ਕਰਨ ਤੋਂ ਬਾਅਦ ਉਸ ਦਾ ਕਤਲ ਕੀਤਾ ਗਿਆ ਸੀ।

ਜੈਸਪ ਦਾ ਮਾਮਲਾ ਉਸ ਦੇ ਖਤਰਨਾਕ ਢੰਗ ਨਾਲ ਕੀਤੇ ਕਤਲ ਕਾਰਨ ਹੀ ਸੁਰਖੀਆਂ ਵਿੱਚ ਨਹੀਂ ਰਿਹਾ ਸਗੋਂ ਉਸ ਦੇ ਗੁਆਂਢੀ ਗਾਇ ਪਾਲ ਮੌਰੀਨ ਨੂੰ ਗਲਤ ਢੰਗ ਨਾਲ ਦੋਸ਼ੀ ਠਹਿਰਾਏ ਜਾਣ ਕਾਰਨ ਵੀ ਚਰਚਾ ਵਿੱਚ ਰਿਹਾ। ਮੌਰੀਨ ਨੂੰ ਦੋਸ਼ੀ ਕਰਾਰ ਦੇਣ ਤੋਂ ਬਾਅਦ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਪਰ ਡੀਐਨਏ ਤਕਨਾਲੋਜੀ ਕਾਰਨ ਮੌਰੀਨ ਨੂੰ ਨਵੇਂ ਸਬੂਤਾਂ ਦੇ ਆਧਾਰ ਉੱਤੇ 1995 ਵਿੱਚ ਨਿਰਦੋਸ਼ ਕਰਾਰ ਦੇ ਦਿੱਤਾ ਗਿਆ।

ਇਸ ਨਵੇਂ ਫੈਸਲੇ ਤੋਂ ਬਾਅਦ ਵੀਰਵਾਰ ਨੂੰ ਮੌਰੀਨ ਨੇ ਆਪਣੇ ਅਟਾਰਨੀ ਰਾਹੀਂ ਬਿਆਨ ਜਾਰੀ ਕਰਕੇ ਆਖਿਆ ਕਿ ਜੈਸਪ ਪਰਿਵਾਰ ਨੂੰ ਐਨੇ ਸਾਲਾਂ ਬਾਅਦ ਹੀ ਸਹੀ ਇਨਸਾਫ ਮਿਲਣ ਤੋਂ ਉਸ ਨੂੰ ਕਾਫੀ ਰਾਹਤ ਮਿਲੀ ਹੈ।

ਮੌਰੀਨ ਨੂੰ ਗਲਤ ਢੰਗ ਨਾਲ ਦੋਸ਼ੀ ਠਹਿਰਾਏ ਜਾਣ ਕਾਰਨ ਓਨਟਾਰੀਓ ਸਰਕਾਰ ਵੱਲੋਂ ਮੁਆਵਜ਼ੇ ਵਜੋਂ 1.25 ਮਿਲੀਅਨ ਡਾਲਰ ਮਿਲੇ ਸਨ। ਇਸ ਤੋਂ ਇਲਾਵਾ ਜਨਤਕ ਤੌਰ ਉੱਤੇ ਉਸ ਤੋਂ ਮੁਆਫੀ ਵੀ ਮੰਗੀ ਗਈ ਸੀ।

# ਮੁੜੇ ਹੋਏ ਸਿੰਗਾਂ ਵਾਲੇ ਬੱਕਰੇ ਹੁੰਦੇ ਹਨ ਆਈਬੇਕਸ

ਅਫਰੀਕਾ, 15 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਅਤੇ ਯੂਰੇਸ਼ੀਆ ਦੇ ਪਹਾੜੀ ਇਲਾਕਿਆਂ ਵਿੱਚ ਅਜਿਹੇ ਪਹਾੜੀ ਬੱਕਰੇ ਮਿਲ ਜਾਂਦੇ ਹਨ, ਜਿਨ੍ਹਾਂ ਦੇ ਸਿੰਗ ਦੂਸਰੇ ਜੰਗਲੀ ਬੱਕਰਿਆਂ ਦੇ ਮੁਕਾਬਲੇ ਬਹੁਤ ਚੌੜੇ, ਮੁੜੇ ਹੋਏ ਅਤੇ ਲੰਬੇ ਹੁੰਦੇ ਹਨ। ਇਹੀ ਨਹੀਂ, ਇਹ ਬੱਕਰੇ ਨਾ ਸਿਰਫ ਸੰਘਣੇ ਪਹਾੜਾਂ ’ਚ ਆਸਾਨੀ ਨਾਲ ਚੜ੍ਹਨ ਅਤੇ ਲੰਬੀ ਛਾਲ ਮਾਰਨ ’ਚ ਮਾਹਰ ਹੁੰਦੇ ਹਨ, ਸਗੋਂ ਪਹਾੜੀ ਬੱਕਰਿਆਂ ਦੇ ਮੁਕਾਬਲੇ ਬਹੁਤ ਜ਼ਿਆਦਾ ਤਾਕਤਵਰ ਹੁੰਦੇ ਹਨ। ਇਨ੍ਹਾਂ ਦੇ ਖੁਰ ਖੋਖਲੇ ਹੁੰਦੇ ਹਨ, ਜਿਸ ਨਾਲ ਇਹ ਪਥਰੀਲੀਆਂ ਚੱਟਾਨਾਂ ’ਤੇ ਚੜ੍ਹਦੇ ਸਮੇਂ ਤਿਲਕਦੇ ਨਹੀਂ ਅਤੇ ਚੱਟਾਨਾਂ ’ਤੇ ਆਸਾਨੀ ਨਾਲ ਚੜ੍ਹਨ ਵਿੱਚ ਸਮਰੱਥ ਹੁੰਦੇ ਹਨ, ਜਦ ਕਿ ਇਨ੍ਹਾਂ ਦੀਆਂ ਅੱਡੀਆਂ ’ਚ ਮਾਸ ਦੀ ਮੋਟੀ ਪਰਤ ਹੁੰਦੀ ਹੈ ਜਿਸ ਨਾਲ ਇਹ ਪਥਰੀਲੀਆਂ ਪਹਾੜੀਆਂ ’ਤੇ ਚੜ੍ਹਦੇ ਸਮੇਂ ਆਪਣੇ ਪੈਰਾਂ ’ਚ ਲੱਗਣ ਵਾਲੇ ਝਟਕਿਆਂ ਨੂੰ ਸਹਿਣ ਅਤੇ ਸੱਟ ਤੋਂ ਬਚਣ ’ਚ ਸਮਰੱਥ ਹੁੰਦੇ ਹਨ। ਇਨ੍ਹਾਂ ਦੇ ਸਰੀਰ ’ਤੇ ਮੋਟੀ ਖੱਲ ਹੁੰਦੀ ਹੈ, ਜਿਸ ਨਾਲ ਇਹ ਤੇਜ਼ ਠੰਡ ਤੋਂ ਬਚੇ ਰਹਿੰਦੇ ਹਨ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# ਮਹਿਬੂਬਾ ਮੁਫਤੀ ਨੇ ਕਿਹਾ: ਕਾਲੇ ਦਿਨ ਅਤੇ ਕਾਲੇ ‘ਫੈਸਲੇ ਦੀ ਬੇਇੱਜ਼ਤੀ’ ਨਹੀਂ ਭੁੱਲਣੀ

ਸ਼੍ਰੀਨਗਰ, 15 ਅਕਤੂਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਤੇ ਪੀ ਡੀ ਪੀ ਪਾਰਟੀ ਦੀ ਪ੍ਰਧਾਨ ਮਹਿਬੂਬਾ ਮੁਫਤੀ ਨੇ ਪਰਸੋਂ ਹੋਈ ਰਹਾਈ ਤੋਂ ਬਾਅਦ ਆਡੀਓ ਸੰਦੇਸ਼ ਜਾਰੀ ਕਰਕੇ ਧਾਰਾ 370 ਨੂੰ ਤੋੜਨ ਨੂੰ ਕਾਲਾ ਫੈਸਲਾ ਕਰਾਰ ਦਿੱਤਾ ਅਤੇ ਕਿਹਾ ਹੈ ਕਿ ਕਸ਼ਮੀਰ ਦਾ ਸੰਘਰਸ਼ ਜਾਰੀ ਰਹੇਗਾ। ਮਹਿਬੂਬਾ ਮੁਫਤੀ ਨੇ ਕੱਲ੍ਹ ਦੇਰ ਰੇਤ ਟਵਿੱਟਰ ਉਤੇ 83 ਸੈਕਿੰਡ ਦੇ ਇੱਕ ਆਡੀਓ ਸੰਦੇਸ਼ ’ਚ ਕਿਹਾ ਕਿ ਮੈਂ ਕੱਲ੍ਹ ਇੱਕ ਸਾਲ ਤੋਂ ਵੀ ਵੱਧ ਸਮੇਂ ਤੋਂ ਬਾਅਦ ਰਿਹਾਅ ਹੋਈ ਹਾਂ, 5 ਅਗਸਤ 2019 ਦੇ ਉਸ ਕਾਲੇ ਦਿਨ ਦਾ ਕਾਲਾ ਫੈਸਲਾ ਮੇਰੇ ਦਿਲ ਅਤੇ ਰੂਹ ’ਤੇ ਹਰ ਪਲ ਵਾਰ ਕਰਦਾ ਰਿਹਾ ਹੈ। ਮੈਨੂੰ ਯਕੀਨ ਹੈ ਕਿ ਅਜਿਹੀ ਸਥਿਤੀ ਜੰਮੂ-ਕਸ਼ਮੀਰ ਦੇ ਲੋਕਾਂ ਦੀ ਵੀ ਰਹੀ ਹੋਵੇਗੀ। ਕੋਈ ਵੀ ਇਸ ਦਿਨ ਦੀ ਬੇਇੱਜ਼ਤੀ ਨੂੰ ਭੁੱਲ ਨਹੀਂ ਸਕਦਾ।

ਵਰਣਨ ਯੋਗ ਹੈ ਕਿ ਮਹਿਬੂਬਾ ਮੁਫਤੀ ਇੱਕ ਸਾਲ, ਦੋ ਮਹੀਨੇ ਅਤੇ ਨੌਂ ਦਿਨ ਬਾਅਦ ਰਿਹਾਅ ਹੋਈ ਹੈ। ਉਸ ਨੇ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਕਸ਼ਮੀਰ ਦੇ ਲੋਕਾਂ ਦੀ ਰਿਹਾਈ ਦੀ ਵੀ ਮੰਗ ਕੀਤੀ ਅਤੇ ਕਿਹਾ ਕਿ ਜਿਵੇਂ ਮੈਨੂੰ ਰਿਹਾਅ ਕੀਤਾ ਹੈ, ਉਸੇ ਤਰ੍ਹਾਂ ਹੋਰ (ਕਸ਼ਮੀਰੀ) ਲੋਕਾਂ ਨੂੰ ਵੀ ਰਿਹਾਅ ਕੀਤਾ ਜਾਵੇ, ਜੋ ਦੇਸ਼ ਭਰ ਦੀਆਂ ਜੇਲ੍ਹਾਂ ’ਚ ਬੰਦ ਹਨ। ਉਨ੍ਹਾਂ ਦੀ ਰਿਹਾਈ ਨਾਲ ਜੰਮੂ-ਕਸ਼ਮੀਰ ’ਚ ਸਿਆਸੀ ਗਤੀਵਿਧੀਆਂ ਤੇਜ਼ ਹੋਣ ਦੇ ਆਸਾਰ ਵੀ ਹਨ। ਪੀ ਡੀ ਪੀ ਪਾਰਟੀ ਦੀ ਮੁਖੀ ਮਹਿਬੂਬਾ ਮੁਫਤੀ ਨਾਲ ਉਨ੍ਹਾਂ ਦੀ ਰਿਹਾਇਸ਼ ’ਤੇ ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਅਤੇ ਉਮਰ ਅਬਦੁੱਲਾ ਨੇ ਮੁਲਾਕਾਤ ਕੀਤੀ, ਜਿਸ ਤੋਂ ਬਾਅਦ ਉਮਰ ਅਬਦੁੱਲਾ ਨੇ ਕਿਹਾ ਕਿ ਅਸੀਂ ਮਹਿਬੂਬਾ ਜੀ ਨੂੰ ਮਿਲਣ ਆਏ ਸੀ ਕਿਉਂਕਿ ਉਹ ਲੰਬੇ ਸਮੇਂ ਤੋਂ ਬਾਅਦ ਰਿਹਾਅ ਹੋਈ ਹੈ। ਮਹਿਬੂਬਾ ਆਪਣੀ ਰਿਹਾਇਸ਼ ’ਤੇ ਪਾਰਟੀ ਨੇਤਾਵਾਂ ਨੂੰ ਵੀ ਮਿਲੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
- DEBT CONSOLIDATION - HOME EQUITY
- LOANS - HOME RENOVATION
- WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia
#M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Paramjit Singh Gill
(MBA,LL.B.)
Tel: 905-790-3636
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters



2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# 19 ਅਕਤੂਬਰ ਤੋਂ ਕਾਊਂਸਲੇਟ ਜਨਰਲ ਆਫ ਇੰਡੀਆਂ ਵੱਲੋਂ ਪੈਨਸ਼ਨਰਜ਼ ਨੂੰ ਜਾਰੀ ਕੀਤੇ ਜਾਣਗੇ ਲਾਈਫ ਸਰਟੀਫਿਕੇਟ



ਬਰੈਂਪਟਨ, 15 ਅਕਤੂਬਰ (ਪੋਸਟ ਬਿਊਰੋ) : ਬੀ ਐਲ ਐਸ ਬਰੈਂਪਟਨ ਆਫਿਸ (20 Gillingham Drive, Unit 701, Brampton, ON L6X 5A5) ਦੇ ਪੈਨਸ਼ਨਰਜ਼ ਨੂੰ ਕਾਊਂਸਲੇਟ ਜਨਰਲ ਆਫ ਇੰਡੀਆਂ ਵੱਲੋਂ ਲਾਈਫ ਸਰਟੀਫਿਕੇਟ ਜਾਰੀ ਕੀਤੇ ਜਾਣਗੇ। ਇਹ ਸਰਟੀਫਿਕੇਟ 19 ਅਕਤੂਬਰ ਤੋਂ ਅਗਾਊਂ ਅਪੁਆਇੰਟਮੈਂਟਸ ਨਾਲ ਕਾਊਂਸਲੇਟ ਜਨਰਲ ਆਫ ਇੰਡੀਆਂ ਆਪਣੇ ਆਫਿਸ (365 Bloor St E #700, Toronto, ON M4W 3L4) ਵਿੱਚ ਹੀ ਦੇਵੇਗਾ।

ਇਸ ਮਕਸਦ ਲਈ ਬਿਨੈਕਾਰਾਂ ਨੂੰ ਉਸ ਲਿੰਕ ਉੱਤੇ ਰਜਿਸਟਰ ਕਰਵਾਉਣਾ ਹੋਵੇਗਾ ਜਿਹੜਾ ਕਾਊਂਸਲੇਟ ਦੀ ਵੈੱਬਸਾਈਟ ਉੱਤੇ ਉਪਲਬਧ ਹੈ। ਇਹ ਲਾਈਫ ਸਰਟੀਫਿਕੇਟ ਹਾਸਲ ਕਰਨ ਲਈ ਬਿਨੈਕਾਰਾਂ ਨੂੰ ਬੀ ਐਲ ਐਸ ਦੇ ਆਫਿਸ ਜਾਂ ਕਾਊਂਸਲੇਟ ਦੇ ਆਫਿਸ ਜਾਣਾ ਹੋਵੇਗਾ ਇਸ ਬਾਰੇ ਈਮੇਲ ਰਾਹੀਂ ਜਾਣਕਾਰੀ ਦਿੱਤੀ ਜਾਵੇਗੀ। ਜਿਹੜੇ ਦਸਤਾਵੇਜ਼ ਚਾਹੀਦੇ ਹੋਣਗੇ ਉਹ ਅਪਡੇਟਿਡ ਐਪਲੀਕੇਸ਼ਨ ਫਾਰਮ ਵਿੱਚ ਚੰਗੀ ਤਰ੍ਹਾਂ ਭਰ ਕੇ ਡੁਪਲੀਕੇਟ ਰੂਪ ਵਿੱਚ, ਪਾਸਪੋਰਟ ਦੀ ਕਾਪੀ ਤੇ ਘਰ ਦੇ ਪਤੇ ਨਾਲ ਲਾਏ ਜਾਣਗੇ। ਬਿਨੈਕਾਰਾਂ ਨੂੰ ਇਹ ਦਸਤਾਵੇਜ਼ ਸਬੰਧਤ ਥਾਂਵਾਂ ਉੱਤੇ ਲਿਆਉਣੇ ਪੈਣਗੇ। ਇਹ ਸਰਵਿਸ ਮੌਕੇ ਉੱਤੇ ਹੀ ਮੁਹੱਈਆ ਕਰਵਾਈ ਜਾਵੇਗੀ।

ਕੋਵਿਡ ਮਹਾਂਮਾਰੀ ਕਾਰਨ, ਸੋਸ਼ਲ ਡਿਸਟੈਂਸਿੰਗ ਕਾਇਮ ਰੱਖਣ ਤੇ ਦਸਤਾਵੇਜ਼ਾਂ ਦੇ ਨਾਲ ਨਾਲ ਲੋਕਾਂ ਨੂੰ ਕਿਸੇ ਦਿੱਕਤ ਤੋਂ ਬਚਾਉਣ ਲਈ ਕਾਊਂਸਲੇਟ ਵੱਲੋਂ ਜਨਤਾ ਤੋਂ ਪੂਰੇ ਸਹਿਯੋਗ ਦੀ ਆਸ ਕੀਤੀ ਜਾਂਦੀ ਹੈ ਤਾਂ ਕਿ ਬਿਹਤਰ ਸੇਵਾਵਾਂ ਦਿੱਤੀਆਂ ਜਾ ਸਕਣ। ਜਨਤਾ ਨੂੰ ਇਹ ਵੀ ਅਪੀਲ ਕੀਤੀ ਗਈ ਕਿ ਸਬੰਧਤ ਆਫਿਸਿਜ਼ ਦਾ ਦੌਰਾ ਕਰਨ ਸਮੇਂ ਦਸਤਾਵੇਜ਼ ਮੁਕੰਮਲ ਹੋਣ ਤੇ ਜਿਹੜਾ ਸਮਾਂ ਦਿੱਤਾ ਜਾਵੇ ਬਿਨੈਕਾਰ ਉਸ ਉੱਤੇ ਪਾਬੰਦ ਰਹੇ।

ਜਿਵੇਂ ਕਿ ਅਤੀਤ ਵਿੱਚ ਵੀ ਹੁੰਦਾ ਰਿਹਾ ਹੈ ਤੇ ਉਕਤ ਤੋਂ ਇਲਾਵਾ ਕਾਊਂਸਲੇਟ ਵੱਲੋਂ ਆਉਣ ਵਾਲੇ ਸਮੇਂ ਵਿੱਚ ਆਪਣੇ ਅਧਿਕਾਰ ਖੇਤਰ ਵਿੱਚ ਆਉਣ ਵਾਲੀਆਂ ਹੋਰਨਾਂ ਥਾਂਵਾਂ ਉੱਤੇ ਲਾਈਫ ਸਰਟੀਫਿਕੇਟਸ ਜਾਰੀ ਕਰਨ ਲਈ ਕਾਊਂਸਲਰ ਕੈਂਪਸ ਆਯੋਜਿਤ ਕੀਤੇ ਜਾਣਗੇ। ਹਾਲਾਂਕਿ ਇਹ ਸੱਭ ਕੋਵਿਡ-19 ਦੇ ਹਾਲਾਤ ਦੇ ਆਧਾਰ ਉੱਤੇ ਅਤੇ ਓਨਟਾਰੀਓ ਹੈਲਥ ਐਸੋਸਿਏਸ਼ਨਜ਼ ਵੱਲੋਂ ਤੈਅ ਨਿਯਮਾਂ ਉੱਤੇ ਹੀ ਨਿਰਭਰ ਕਰੇਗਾ। ਸਮੇਂ ਸਮੇਂ ਉੱਤੇ ਅਜਿਹੇ ਕਾਊਂਸਲਰ ਕੈਂਪਸ ਸਬੰਧੀ ਐਲਾਨ ਕੀਤਾ ਜਾਵੇਗਾ।

ਬੀ ਐਲ ਐਸ ਬਰੈਂਪਟਨ (20 Gillingham Drive, Unit 701, Brampton, ON L6X 5A5) ਅਤੇ ਸੀ ਜੀ ਆਈ, ਟੋਰਾਂਟੋ (365 Bloor St E #700, Toronto, ON M4W 3L4) ਦੋਵਾਂ ਲੋਕੇਸ਼ਨਜ਼ ਉੱਤੇ ਲਾਈਫ ਸਰਟੀਫਿਕੇਟਸ ਲਈ ਕਾਊਂਸਲੇਟ ਵੱਲੋਂ ਡਰੌਪ ਆਫ ਫੈਸਿਲਿਟੀ ਵੀ ਮੁਹੱਈਆ ਕਰਵਾਈ ਜਾਵੇਗੀ। ਇਸ ਦੀ ਵਰਤੋਂ ਕਰਕੇ ਵੀ ਪੈਂਨਸ਼ਨਰਜ਼ ਲਾਈਫ ਸਰਟੀਫਿਕੇਟ ਜਾਰੀ ਕਰਵਾ ਸਕਣਗੇ। ਇਸ ਲਈ ਸੀਲਬੰਦ ਐਨਵੈਲਪ, ਉਨ੍ਹਾਂ ਦੇ ਚੰਗੀ ਤਰ੍ਹਾਂ ਭਰੇ ਗਏ ਐਪਲੀਕੇਸ਼ਨ ਫਾਰਮ ਦੀ ਪੂਰੀ ਤਰ੍ਹਾਂ ਭਰੀ ਕਾਪੀ (ਵੀਡੀਓ ਚੈਟ ਲਈ ਲੋਕਲ ਵਾਟ੍ਹਸਐਪ ਨੰਬਰ), ਪਾਸ-ਪੋਰਟ ਦੀ ਕਾਪੀ, ਪਤੇ ਦਾ ਸਬੂਤ ਅਤੇ ਆਪਣੇ ਪਤੇ ਵਾਲਾ ਕੈਨੇਡਾ ਪੋਸਟ ਜਾਂ ਕਿਸੇ ਕੁਰੀਅਰ ਕੰਪਨੀ ਦਾ ਪ੍ਰੀ-ਪੇਡ ਐਨਵੈਲਪ ਦਸਤਾਵੇਜ਼ਾਂ ਨੂੰ ਸਹੀ ਸਲਾਮਤ ਮੋੜਨ ਲਈ, ਚਾਹੀਦਾ ਹੋਵੇਗਾ। ਲਾਈਫ ਸਰਟੀਫਿਕੇਟ ਵੀਡੀਓ ਚੈਟ ਰਾਹੀਂ ਬਿਨੈਕਾਰ ਦੀ ਵੈਰੀਫਿਕੇਸ਼ਨ ਤੋਂ ਬਾਅਦ ਹੀ ਜਾਰੀ ਕੀਤਾ ਜਾਵੇਗਾ।

## LIFE CERTIFICATE

This is to certify that the person, whose particulars are given below, is alive on this _____ day of ________ 2020 and has signed/put thumb impression before me.

1. Name:
2. Father's/ Husband's name:
3. Address:
4. Mobile no.: (Please provide the number on which video chat (whatsapp) can be done with the applicant)
5. Present Nationality:
6. Passport Particulars:

a) Passport Number:
b) Date of Issue:
c) Place of Issue:

7. Signature/Thumb impression of Applicant:

Place: Toronto
Date: ________________

# ਸਿੱਖਾਂ ਨਾਲ ਜੁੜੇ ਮੁੱਦਿਆਂ ਨੂੰ ਪਾਰਲੀਆਮੈਂਟ ਵਿੱਚ ਉਠਾਉਣ ਤੋਂ ਕਤਰਾਉਂਦੇ ਹਨ ਸਿੱਖ ਐਮਪੀਜ਼ ?

**ਜਗਮੀਤ ਸਿੰਘ, ਨਵਦੀਪ ਬੈਂਸ, ਹਰਜੀਤ ਸੱਜਣ, ਬਰਦੀਸ਼ ਚੱਗੜ ਅਤੇ ਹੋਰ ਚੋਟੀ ਦੇ ਸਿੱਖ ਸਿਆਸੀ ਆਗੂਆਂ ਦੀ ਚੁੱਪੀ ਤੋਂ ਸਿੱਖ ਭਾਈਚਾਰਾ ਖਫਾ**

**ਇਨ੍ਹਾਂ ਤੋਂ ਇਲਾਵਾ ਕਈ ਹੋਰ ਐਮਪੀ ਵੀ ਹਨ ਜਿਨ੍ਹਾਂ ਦਾ ਕੋਈ ਰਿਕਾਰਡ ਨਹੀਂ ਮਿਲਦਾ ਕਿ ਉਹ ਸਿੱਖ ਮੁੱਦਿਆਂ ਉਤੇ ਬੋਲੇ ਹੋਣ**



ਓਟਵਾ, 15 ਅਕਤੂਬਰ (ਪੋਸਟ ਬਿਊਰੋ) : ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ ਵੱਲੋਂ ਸਿੱਖਾਂ ਨਾਲ ਸਬੰਧਤ ਉਨ੍ਹਾਂ ਅਹਿਮ ਮੁੱਦਿਆਂ ਦੀ ਜਾਂਚ ਕੀਤੀ ਜਾ ਰਹੀ ਹੈ ਜਿਹੜੇ ਜਨਵਰੀ 2018 ਤੋਂ ਪਾਰਲੀਆਮੈਂਟ ਆਫ ਕੈਨੇਡਾ ਵਿੱਚ ਉਠਾਏ ਗਏ ਹਨ। ਇਸ ਨਾਲ ਇਹ ਤੈਅ ਕੀਤਾ ਜਾ ਸਕੇਗਾ ਕਿ ਕਿਹੜੇ ਐਮਪੀਜ਼ ਵੱਲੋਂ ਇਹ ਮੁੱਦੇ ਉਠਾਏ ਗਏ ਹਨ। ਜਨਵਰੀ 2018 ਨੂੰ ਇਸ ਲਈ ਮਿਥਿਆ ਗਿਆ ਹੈ ਕਿਉਂਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਫਰਵਰੀ 2018 ਵਿੱਚ ਭਾਰਤ ਦੇ ਦੌਰੇ ਉੱਤੇ ਗਏ ਸਨ ਤੇ ਇਸ ਦੌਰਾਨ ਸਿੱਖਾਂ ਨਾਲ ਜੁੜੇ ਮੁੱਦੇ ਵੀ ਸੱਭ ਤੋਂ ਅੱਗੇ ਆ ਗਏ ਸਨ। ਇਸ ਸਦਕਾ ਹੀ ਉਨ੍ਹਾਂ ਐਮਪੀ ਉੱਤੇ ਵੀ ਧਿਆਨ ਬਦੋਬਦੀ ਕੇਂਦਰਿਤ ਹੋ ਜਾਂਦਾ ਹੈ ਜਿਹੜੇ ਪਾਰਲੀਆਮੈਂਟ ਵਿੱਚ ਭਾਈਚਾਰੇ ਨਾਲ ਜੁੜੇ ਮੁੱਦੇ ਰੱਖਦੇ ਹਨ ਜਾਂ ਨਹੀਂ ਰੱਖਦੇ ਹਨ।ਇਸ ਵਿਸ਼ਲੇਸ਼ਣ ਤਹਿਤ ਪਿਛਲੇ ਤਿੰਨ ਸਾਲਾਂ ਦੀਆਂ ਗਤੀਵਿਧੀਆਂ ਦਾ ਲੇਖਾ ਜੋਖਾ ਕੀਤਾ ਗਿਆ ਹੈ ਤੇ ਮੌਜੂਦਾ ਸਿਆਸੀ ਪਰੀਪੇਖ ਦੇ ਲਿਹਾਜ ਨਾਲ ਇਨ੍ਹਾਂ ਨੂੰ ਪਰਖਿਆ ਗਿਆ ਹੈ। ਹਾਲਾਂਕਿ ਹਾਊਸ ਆਫ ਕਾਮਨਜ਼ ਵਿੱਚ ਐਮਪੀਜ਼ ਵੱਲੋਂ ਬਿਆਨ ਦੇਣਾ ਤੇ ਸਵਾਲ ਪੁੱਛੇ ਜਾਣਾ ਭਾਈਚਾਰੇ ਨਾਲ ਜੁੜੇ ਮੁੱਦਿਆਂ ਨੂੰ ਉਠਾਉਣ ਦਾ ਇੱਕ ਰਾਹ ਹੀ ਹੈ ਪਰ ਇਹ ਬਹੁਤ ਹੀ ਅਹਿਮ ਮਾਮਲਾ ਹੈ। ਅਸੀਂ ਐਮਪੀਜ਼ ਵੱਲੋਂ ਉਠਾਏ ਗਏ ਸਿੱਖ ਮੁੱਦਿਆਂ ਦੀ ਗੱਲ ਕਰ ਰਹੇ ਹਾਂ ਪਰ ਅਸੀਂ ਹੇਠਾਂ ਦਿੱਤੇ ਚਾਰ ਮੁੱਦਿਆਂ ਉੱਤੇ ਵਧੇਰੇ ਧਿਆਨ ਕੇਂਦਰਿਤ ਕੀਤਾ :

- ਅਫਗਾਨੀ ਸਿੱਖ ਤੇ ਹਿੰਦੂ ਰਫਿਊਜੀਆਂ ਦੀ ਕੈਨੇਡਾ ਵਿੱਚ ਸੈਟਲਮੈਂਟ
- ਪਬਲਿਕ ਸੇਫਟੀ ਟੈਰਰ ਰਿਪੋਰਟ ਵਿੱਚ ਸਿੱਖ (ਖਾਲਿਸਤਾਨ) ਇੰਤਿਹਾਪਸੰਦੀ ਨੂੰ ਸ਼ਾਮਲ ਕੀਤਾ ਜਾਣਾ
- ਕਿਊਬਿਕ ਦਾ ਬਿੱਲ 21
- ਆਰਸੀਐਮਪੀ ਦਾ ਸਿੱਖਾਂ ਦੀ ਦਾੜ੍ਹੀ ਨਾਲ ਜੁੜਿਆ ਮਾਮਲਾ

ਇਸ ਵਿੱਚ ਕੋਈ ਅਤਿਕਥਨੀ ਨਹੀਂ ਹੈ ਕਿ ਪਾਰਲੀਆਮੈਂਟ ਵਿੱਚ 17 ਸਿੱਖ ਐਮਪੀ (12 ਲਿਬਰਲ, 4 ਸੀਪੀਸੀ, 1 ਐਨਡੀਪੀ) ਹਨ ਪਰ ਸਿੱਖ ਮੁੱਦਿਆਂ ਨੂੰ ਸਹੀ ਢੰਗ ਨਾਲ ਉਠਾਉਣ ਵਾਲਿਆਂ ਵਿੱਚ ਕੰਜ਼ਰਵੇਟਿਵ ਐਮਪੀ ਗਾਰਨੈਂਟ ਜੈਨੂਅਸ (ਐਡਮੰਟਨ ਸ਼ੇਰਵੁੱਡ ਪਾਰਕ) ਸੱਭ ਤੋਂ ਮੋਹਰੀ ਰਹੇ ਹਨ। ਗਾਰਨੈਂਟ ਨੇ ਸਿੱਖ ਭਾਈਚਾਰੇ ਨਾਲ ਜੁੜੇ ਕਈ ਮਾਮਲੇ ਸਮੇਂ ਸਮੇਂ ਉੱਤੇ ਉਠਾਏ ਹਨ। ਇਨ੍ਹਾਂ ਵਿੱਚ ਅਫਗਾਨਿਸਤਾਨ ਵਿੱਚ ਸਿੱਖਾਂ ਦੀ ਹੋਣੀ, 2018 ਦੀ ਪਬਲਿਕ ਸੇਫਟੀ ਰਿਪੋਰਟ ਵਿੱਚ ਸਿੱਖ (ਖਾਲਿਸਤਾਨ) ਇੰਤਿਹਾਪਸੰਦੀ ਦੇ ਮਾਮਲੇ ਨੂੰ ਸ਼ਾਮਲ ਕੀਤਾ ਜਾਣਾ ਅਤੇ ਕਿਊਬਿਕ ਦਾ ਵਿਵਾਦਗ੍ਰਸਤ ਬਿੱਲ 21 ਸ਼ਾਮਲ ਹਨ।

ਸਿੱਖਾਂ ਨਾਲ ਜੁੜੇ ਮੁੱਦਿਆਂ ਨੂੰ ਦੂਜੇ ਨੰਬਰ ਉੱਤੇ ਸੱਭ ਤੋਂ ਵੱਧ ਉਠਾਉਣ ਵਾਲਿਆਂ ਵਿੱਚ ਸਰ੍ਹੀ ਨਿਊਟਨ ਤੋਂ ਲਿਬਰਲ ਐਮਪੀ ਸੁੱਖ ਧਾਲੀਵਾਲ ਰਹੇ ਹਨ। ਇਨ੍ਹਾਂ ਵੱਲੋਂ ਹੀ ਸਿੱਖ ਹੈਰੀਟੇਜ ਮੰਥ ਐਕਟ ਦੀ ਪੈਰਵੀ ਕੀਤੀ ਗਈ ਤੇ ਹੁਣ ਇਹ ਹਰ ਸਾਲ ਅਪਰੈਲ ਵਿੱਚ ਮਨਾਇਆ ਜਾਂਦਾ ਹੈ।

ਉੱਪਰ ਦੱਸੇ ਗਏ ਮੁੱਦਿਆਂ ਤੋਂ ਇਲਾਵਾ ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ 2018 ਤੋਂ ਹੀ ਸਿਰਫ ਚਾਰ ਐਮਪੀਜ਼ ਵੱਲੋਂ 1984 ਦੀਆਂ ਦੁਖਾਂਤਕ ਘਟਨਾਵਾਂ ਬਾਰੇ ਗੱਲ ਕੀਤੀ ਗਈ ਅਤੇ ਸਿਰਫ ਇੱਕ ਐਮਪੀ ਐਨਡੀਪੀ ਦੀ ਟਰੇਸੀ ਰਾਮਸੇ (ਅਸੈਕਸ) ਨੇ 1984 ਸਿੱਖ ਨਸਲਕੁਸ਼ੀ ਟਰਮ ਦੀ ਵਰਤੋਂ ਕੀਤੀ। ਡਬਲਿਊ ਐਸ ਓ ਪਹਿਲਾਂ ਵੀ ਇਸ ਗੱਲ ਉੱਤੇ ਚਿੰਤਾ ਪ੍ਰਗਟ ਕਰ ਚੁੱਕੀ ਹੈ ਕਿ ਭਾਵੇਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ, 2014 ਵਿੱਚ ਲਿਬਰਲ ਪਾਰਟੀ ਦੇ ਆਗੂ ਵਜੋਂ ਭਾਰਤ ਸਰਕਾਰ ਤੋਂ ਇਹ ਮੰਗ ਕਰਨ ਲਈ ਬਿਆਨ ਜਾਰੀ ਕਰ ਚੁੱਕੇ ਹਨ ਕਿ ਭਾਰਤ ਸਰਕਾਰ 1984 ਦੇ ਦੰਗਿਆਂ ਦਾ ਦਰਦ ਹੰਢਾ ਰਹੇ ਲੋਕਾਂ ਲਈ ਸੱਚ ਤੇ ਇਨਸਾਫ ਦਾ ਟੀਚਾ ਜਾਰੀ ਰੱਖੇ। ਇਸ ਦੇ ਨਾਲ ਹੀ ਟਰੂਡੋ ਇਹ ਵੀ ਆਖ ਚੁੱਕੇ ਹਨ ਕਿ ਭਾਰਤ ਸਰਕਾਰ ਆਪਣੇ ਦੇਸ਼ ਦੇ ਲੋਕਾਂ ਪ੍ਰਤੀ ਜਵਾਬਦੇਹੀ ਦੀ ਜ਼ਿੰਮੇਵਾਰੀ ਵੀ ਨਿਭਾਏ। ਪਰ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਉਨ੍ਹਾਂ ਵੱਲੋਂ ਕੋਈ ਬਿਆਨ ਜਾਰੀ ਨਹੀਂ ਕੀਤਾ ਗਿਆ।

ਇਸ ਤੋਂ ਇਲਾਵਾ ਇਹ ਵੀ ਵੇਖਣ ਵਿੱਚ ਆਇਆ ਹੈ ਕਿ ਮੁਸਲਿਮ ਪਾਰਲੀਆਮੈਂਟਰੀ ਕਾਕਸ, ਅਹਿਮਦੀਆ ਪਾਰਲੀਆਮੈਂਟਰੀ ਫਰੈਂਡਸ਼ਿਪ ਗਰੁੱਪ, ਕੈਨੇਡੀਅਨ ਤਮਿਲ ਫਰੈਂਡਸ਼ਿਪ ਗਰੁੱਪ ਤੇ ਇਸ ਤਰ੍ਹਾਂ ਦੇ ਕਈ ਹੋਰ ਗਰੁੱਪਜ਼ ਵੀ ਹਨ ਪਰ ਕੋਈ ਸਿੱਖ ਪਾਰਲੀਆਮੈਂਟਰੀ ਕਾਕਸ ਨਹੀਂ ਹੈ। ਸਿੱਖ ਕਾਕਸ ਯੂਕੇ ਤੇ ਯੂਐਸਏ ਵਿੱਚ ਹਨ ਪਰ ਅਜਿਹਾ ਗਰੁੱਪ ਕੈਨੇਡਾ ਵਿੱਚ ਕਾਇਮ ਕਰਨ ਦੀ ਮੰਗ ਅਜੇ ਤੱਕ ਸਵੀਕਾਰੀ ਨਹੀਂ ਗਈ ਹੈ।

ਨੁਮਾਇੰਦਗੀ ਨਾਲ ਯਕੀਨਨ ਫਰਕ ਪੈਂਦਾ ਹੈ ਪਰ ਉਦੋਂ ਜਦੋਂ ਸਾਡੇ ਨੁਮਾਇੰਦੇ ਅਜਿਹੇ ਮੁੱਦੇ ਸਾਰਿਆਂ ਦੇ ਸਾਹਮਣੇ ਲਿਆਉਣ ਜਿਹੜੇ ਸਾਡੇ ਲਈ ਜ਼ਰੂਰੀ ਹਨ।

# ਸਟੇਜ 2 ਵਾਲੀਆਂ ਪਾਬੰਦੀਆਂ ਮੁੜ ਲਾਉਣ ਉਤੇ ਵਿਚਾਰ ਕਰ ਰਹੀ ਹੈ ਫੋਰਡ ਸਰਕਾਰ !



ਓਨਟਾਰੀਓ, 15 ਅਕਤੂਬਰ (ਪੋਸਟ ਬਿਊਰੋ) : ਓਨਟਾਰੀਓ ਦੇ ਸਿਹਤ ਅਧਿਕਾਰੀਆਂ ਵੱਲੋਂ ਜਲਦ ਹੀ ਮੁਲਾਕ-ਾਤ ਕਰਕੇ ਇਹ ਫੈਸਲਾ ਲਏ ਜਾਣ ਦੀ ਸੰਭਾਵਨਾ ਹੈ ਕਿ ਕੀ ਪ੍ਰੋਵਿੰਸ ਦੇ ਹੋਰਨਾਂ ਰੀਜਨਜ਼ ਉੱਤੇ ਸੋਧੀਆਂ ਹੋਈਆਂ ਸਟੇਜ 2 ਵਾਲੀਆਂ ਪਾਬੰਦੀਆਂ ਮੁੜ ਲਾਈਆਂ ਜਾਣੀਆਂ ਚਾਹੀਦੀਆਂ ਹਨ ਜਾਂ ਨਹੀਂ।

ਐਸੋਸਿਏਟ ਮੈਡੀਕਲ ਆਫੀਸਰ ਆਫ ਹੈਲਥ ਡਾ. ਬਾਰਬਰਾ ਯਾਫੇ ਵੱਲੋਂ ਬੁੱਧਵਾਰ ਨੂੰ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਉਨ੍ਹਾਂ ਦੀ ਟੀਮ ਆਉਣ ਵਾਲੇ ਦਿਨਾਂ ਵਿੱਚ ਇਸ ਸਬੰਧੀ ਮੀਟਿੰਗ ਕਰੇਗੀ। ਯਾਫੇ ਨੇ ਆਖਿਆ ਕਿ ਇਸ ਸਮੇਂ ਸਾਡਾ ਸਾਰਾ ਧਿਆਨ ਪਾਜ਼ੀਟਿਵ ਆਉਣ ਵਾਲੇ ਕੇਸਾਂ ਦੀ ਦਰ ਉੱਤੇ ਕੇਂਦਰਿਤ ਹੈ। ਅਸੀਂ ਪ੍ਰਤੀ 100,000 ਦੀ ਆਬਾਦੀ ਦੇ ਹਿਸਾਬ ਨਾਲ ਕੇਸਾਂ ਦਾ ਲੇਖਾ ਜੋਖਾ ਕਰਦੇ ਹਾਂ। ਇਸ ਦੇ ਨਾਲ ਹੀ ਅਸੀਂ ਹੋਰ ਸਾਰੇ ਕਾਰਕਾਂ ਉੱਤੇ ਵੀ ਨਜ਼ਰ ਰੱਖਦੇ ਹਾਂ।

ਯਾਫੇ ਨੇ ਆਖਿਆ ਕਿ ਯੌਰਕ ਰੀਜਨ ਹੀ ਅਜਿਹਾ ਇਲਾਕਾ ਹੈ ਜਿੱਥੇ ਰੋਜ਼ਾਨਾ ਕੋਵਿਡ-19 ਦੇ ਮਾਮਲਿਆਂ ਵਿੱਚ 42 ਤੋਂ 79 ਦਾ ਵਾਧਾ ਵੇਖਣ ਨੂੰ ਮਿਲ ਰਿਹਾ ਹੈ ਤੇ ਸਾਡਾ ਸਾਰਾ ਧਿਆਨ ਇੱਥੇ ਹੀ ਕੇਂਦਰਿਤ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਹੈਮਿਲਟਨ ਅਜਿਹਾ ਇਲਾਕਾ ਹੈ ਜਿੱਥੇ ਰੋਜ਼ਾਨਾ ਕਰੋਨਾਵ-ਾਇਰਸ ਦੇ 15 ਤੋਂ 41 ਮਾਮਲੇ ਸਾਹਮਣੇ ਆ ਰਹੇ ਹਨ। ਇਹ ਉਸ ਸਮੇਂ ਧਿਆਨ ਵਿੱਚ ਆਇਆ ਜਦੋਂ ਹੈਮਿਲਟਨ ਦੇ ਮਸ਼ਹੂਰ ਸਾਈਕਲਿੰਗ ਸਟੂਡੀਓ ਸਪਿਨਕੋ ਵਿੱਚ ਆਊਟਬ੍ਰੇਕ ਐਲਾਨੀ ਗਈ। ਇਸ ਕਾਰਨ ਇੱਥੇ ਪੈਟਰਨਜ਼ ਤੇ ਸਟਾਫ ਵਿੱਚੋਂ 69 ਦੇ ਪਾਜ਼ੀਟਿਵ ਹੋਣ ਦੀ ਜਾਣਕਾਰੀ ਮਿਲੀ।

ਯਾਫੇ ਨੇ ਆਖਿਆ ਕਿ ਸਪਿਨਕੋ ਆਊਟਬ੍ਰੇਕ ਚਿੰਤਾਜਨਕ ਹੈ ਤੇ ਇਸ ਨੇ ਫਿਟਨੈਸ ਸੈਂਟਰਜ਼ ਨੂੰ ਮੁੜ ਖੋਲ੍ਹੇ ਜਾਣ ਦੇ ਫੈਸਲੇ ਉੱਤੇ ਮੁੜ ਵਿਚਾਰ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ ਹੈ।

# ਕੋਵਿਡ-19 ਕਾਰਨ ਯੌਰਕ ਰੀਜਨ ਦੇ ਦੋ ਕੈਥੋਲਿਕ ਸਕੂਲ ਕੀਤੇ ਗਏ ਬੰਦ

ਓਨਟਾਰੀਓ, 15 ਅਕਤੂਬਰ (ਪੋਸਟ ਬਿਊਰੋ) : ਕੋਵਿਡ-19 ਦੇ ਕਈ ਮਾਮਲੇ ਪਾਜ਼ੀਟਿਵ ਆਉਣ ਤੋਂ ਬਾਅਦ ਯੌਰਕ ਰੀਜਨ ਦੇ ਦੋ ਸਕੂਲਾਂ ਨੂੰ ਬੰਦ ਕਰ ਦਿੱਤਾ ਗਿਆ। ਦ ਯੌਰਕ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ (ਵਾਇ ਸੀ ਡੀ ਐਸ ਬੀ) ਵੱਲੋਂ ਬੁੱਧਵਾਰ ਨੂੰ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਵੁੱਡਬ੍ਰਿੱਜ ਵਿੱਚ ਅਵਰ ਲੇਡੀ ਆਫ ਫਾਤਿਮਾ ਕੈਥੋਲਿਕ ਐਲੀਮੈਂਟਰੀ ਸਕੂਲ ਤੇ ਕਿੰਗ ਸਿਟੀ ਵਿੱਚ ਸਥਿਤ ਹੋਲੀ ਨੇਮ ਕੈਥੋਲਿਕ ਐਲੀਮੈਂਟਰੀ ਸਕੂਲ ਨੂੰ 26 ਅਕਤੂਬਰ ਤੱਕ ਬੰਦ ਰੱਖਿਆ ਜਾਵੇਗਾ। ਉਸ ਸਮੇਂ ਹੀ ਇਨ ਪਰਸਨ ਲਰਨਿੰਗ ਲਈ ਰਜਿਸਟਰਡ ਵਿਦਿਆਰਥੀ ਕਲਾਸਾਂ ਵਿੱਚ ਪਰਤ ਸਕਣਗੇ। ਅਵਰ ਲੇਡੀ ਆਫ ਫਾਤਿਮਾ ਕੈਥੋਲਿਕ ਐਲੀਮੈਂਟਰੀ ਸਕੂਲ ਵਿੱਚ ਕੋਵਿਡ-19 ਦੇ 8 ਮਾਮਲਿਆਂ ਦੀ ਪੁਸ਼ਟੀ ਹੋਈ ਜਦਕਿ ਹੋਲੀ ਨੇਮ ਵਿੱਚ ਕੋਵਿਡ-19 ਦੇ 5 ਪਾਜ਼ੀਟਿਵ ਕੇਸ ਮਿਲੇ। ਬੁੱਧਵਾਰ ਨੂੰ ਓਨਟਾਰੀਓ ਵੱਲੋਂ ਆਪਣੇ ਸਕੂਲਾਂ ਵਿੱਚ ਕੋਵਿਡ-19 ਦੇ 96 ਮਾਮਲੇ ਪਾਏ ਜਾਣ ਦੀ ਪੁਸ਼ਟੀ ਕੀਤੀ ਗਈ।

# ਸਿੱਖ ਵਿਅਕਤੀ ਨਾਲ ਨਸਲੀ ਟੀਕਾ ਟਿੱਪਣੀ ਕਰਨ ਵਾਲੇ ਗੋਰੇ ਨੂੰ ਨੌਕਰੀ ਤੋਂ ਧੁਆਉਣੇ ਪਏ ਹੱਥ



ਬਰੈਂਪਟਨ, 15 ਅਕਤੂਬਰ (ਪੋਸਟ ਬਿਊਰੋ) : ਜਾਰਜਟਾਊਨ ਗੌਲਫ ਕੋਰਸ ਉੱਤੇ ਇੱਕ ਪਰਿਵਾਰ ਵੱਲੋਂ ਪੰਜਾਬੀ ਮੂਲ ਦੇ ਵਿਅਕਤੀ ਨਾਲ ਨਸਲੀ ਤੇ ਚੋਭ ਭਰੀ ਟੀਕਾ ਟਿੱਪਣੀ ਕੀਤੀ ਗਈ। ਇਸ ਪਰਿਵਾਰ ਨੇ ਮੰਦੀ ਸ਼ਬਦਾਵਲੀ ਦੀ ਵਰਤੋਂ ਵੀ ਕੀਤੀ।

ਇਹ ਫੁਟੇਜ ਬੀਤੇ ਦਿਨੀਂ ਜਾਰਜਟਾਊਨ ਗੌਲਫ ਕਲੱਬ ਵਿਖੇ ਬਰੈਂਪਟਨ ਵਾਸੀ ਗੁਰਸ਼ੇਰ ਢਿੱਲੋਂ, ਜੋ ਕਿ ਕਲੱਬ ਦਾ ਮੈਂਬਰ ਹੈ, ਵੱਲੋਂ ਲਈ ਗਈ। ਇਸ ਵਿੱਚ ਗੁਰਸ਼ੇਰ ਤੇ ਇੱਕ ਪਰਿਵਾਰ ਦਰਮਿਆਨ ਹੋ ਰਹੀ ਤਲਖ਼ ਬਹਿਸ ਸੁਣਾਈ ਤੇ ਦਿਖਾਈ ਦੇ ਰਹੀ ਹੈ। ਢਿੱਲੋਂ ਅਨੁਸਾਰ ਉਹ ਦੁਪਹਿਰ ਸਮੇਂ ਆਪਣੇ ਦੋਸਤ ਨਾਲ ਗੌਲਫ ਕੋਰਸ ਉੱਤੇ ਖੇਡ ਰਿਹਾ ਸੀ ਕਿ ਇਸ ਪਰਿਵਾਰ ਨਾਲ ਅਜੀਬ ਜਿਹੀ ਤਣਾਅ ਭਰੀ ਕਸ਼ਮਕਸ਼ ਖੜ੍ਹੀ ਹੋ ਗਈ। ਫਾਈਨਲ ਹੋਲ ਵੱਲ ਵਧਣ ਤੋਂ ਪਹਿਲਾਂ ਹੀ ਮਾਮਲਾ ਗਰਮਾ ਗਿਆ।

ਢਿੱਲੋਂ ਨੇ ਆਖਿਆ ਕਿ ਪਰਿਵਾਰ ਦੇ ਲੜਕੇ ਨੇ ਆਖਿਆ ਕਿ ਚੰਗਾ ਹੋਵੇ "ਤੂੰ ਵਧੀਆ ਸ਼ੌਟ ਲਾਵੇਂ।" ਇਸ ਉੱਤੇ ਢਿੱਲੋਂ ਨੇ ਆਖਿਆ "ਖੁਸ਼ਕਿਸਮਤੀ ਨਾਲ ਮੈਂ ਚੰਗਾ ਸ਼ੌਟ ਲਾਇਆ ਹੈ।" ਸ਼ੌਟ ਲਾਉਣ ਤੋਂ ਬਾਅਦ ਢਿੱਲੋਂ ਨੇ ਆਪਣੇ ਦੋਸਤ ਨੂੰ ਮੁਖਾਤਬ ਹੁੰਦਿਆਂ ਆਖਿਆ "ਇਹ ਚੰਗਾ ਸ਼ੌਟ ਸੀ ਨਾ।" ਇਸ ਉੱਤੇ ਲੜਕੇ ਦਾ ਪਿਤਾ ਕਾਰਟ ਵਿੱਚੋਂ ਉੱਤਰ ਆਇਆ ਤੇ ਉਸ ਨੇ ਨਸਲੀ ਤੇ ਚੋਭ ਭਰੀ ਟੀਕਾ ਟਿੱਪਣੀ ਕਰਾਦਿਆਂ ਆਖਿਆ "ਉਹ ਗੌਲਫ ਕਲੱਬ ਨਾਲ ਉਸ ਦੀ ਢੂਈ ਸੇਕ ਦੇਵੇਗਾ।" ਢਿੱਲੋਂ ਨੇ ਆਖਿਆ ਕਿ ਇਸ ਤੋਂ ਬਾਅਦ ਉਸ ਨੇ ਆਪਣੇ ਫੋਨ ਉੱਤੇ ਸਾਰੀ ਘਟਨਾ ਰਿਕਾਰਡ ਕਰਨੀ ਸ਼ੁਰੂ ਕਰ ਦਿੱਤੀ। ਫਿਰ ਉਸ ਵਿਅਕਤੀ ਨੇ ਢਿੱਲੋਂ ਉੱਤੇ ਤਿੱਖੀਆਂ ਨਸਲੀ ਟੀਕਾ ਟਿੱਪਣੀਆਂ ਕੀਤੀਆਂ। ਢਿੱਲੋਂ ਨੇ ਆਖਿਆ ਕਿ ਇਹ ਸੱਭ ਉਸ ਨੇ ਇਸ ਲਈ ਰਿਕਾਰਡ ਕੀਤਾ ਕਿਉਂਕਿ ਅਸੀਂ ਸਾਰੇ ਮੰਨਦੇ ਹਾਂ ਕਿ ਇਹ ਨਸਲਵਾਦ ਮੁੱਕ ਚੁੱਕਿਆ ਹੈ ਤੇ ਹੁਣ ਇਸ ਦੀ ਕੋਈ ਹੋਂਦ ਨਹੀਂ।ਪਰ ਅਜਿਹਾ ਨਹੀਂ ਹੈ।ਇਸ ਵੀਡੀਓ ਵਿੱਚ ਜਿਹੜਾ ਵਿਅਕਤੀ ਨਸਲੀ ਟੀਕਾ ਟਿੱਪਣੀਆਂ ਕਰ ਰਿਹਾ ਹੈ ਉਸ ਦੀ ਪਛਾਣ ਮਾਈਕਲ ਵਾਰਿੰਗਟਨ ਵਜੋਂ ਹੋਈ ਜੋ ਕਿ ਟੈਰਾ ਕੌਟਾ ਫਾਇਨਾਂਸ਼ੀਅਲ ਗਰੁੱਪ ਵਿੱਚ ਚੀਫ ਫਾਇਨਾਂਸ਼ੀਅਲ ਆਫੀਸਰ ਵਜੋਂ ਕੰਮ ਕਰ ਰਿਹਾ ਸੀ। ਢਿੱਲੋਂ ਨੇ ਆਖਿਆ ਕਿ ਉਸ ਨੇ ਇਹ ਸਾਰਾ ਮਾਮਲਾ ਗੌਲਫ ਕੋਰਸ ਦੇ ਧਿਆਨ ਵਿੱਚ ਵੀ ਲਿਆਂਦਾ। ਢਿੱਲੋਂ ਇਸ ਕਲੱਬ ਦਾ ਪੇਇੰਗ ਮੈਂਬਰ ਹੈ। ਇਸ ਘਟਨਾ ਦੀ ਪੁਸ਼ਟੀ ਕੋਰਸ ਵੱਲੋਂ ਵੀ ਸੋਸ਼ਲ ਮੀਡੀਆ ਉੱਤੇ ਕੀਤੀ ਗਈ। ਇਸ ਬਾਰੇ ਕਲੱਬ ਨੇ ਆਖਿਆ ਕਿ ਇਹ ਘਟਨਾ ਸਾਡੀ ਆਰਗੇਨਾਈਜ਼ੇਸ਼ਨ ਦੀਆਂ ਕਦਰਾਂ ਕੀਮਤਾਂ ਦੇ ਖਿਲਾਫ ਹੈ। ਅਸੀ ਆਪਣੇ ਸਾਰੇ ਮੈਂਬਰਾਂ ਨੂੰ ਸੁਰੱਖਿਅਤ ਤੇ ਬਿਹਤਰੀਨ ਮਾਹੌਲ ਮੁਹੱਈਆ ਕਰਵਾਉਣਾ ਚਾਹੁੰਦੇ ਹਾਂ। ਇਸ ਤਰ੍ਹਾਂ ਦੇ ਵਿਵਹਾਰ ਨੂੰ ਅਸੀ ਉੱਕਾ ਹੀ ਬਰਦਾਸ਼ਤ ਨਹੀਂ ਕਰ ਸਕਦੇ।ਕਲੱਬ ਲਿੰਕ ਨੇ ਆਖਿਆ ਕਿ ਨਸਲੀ ਟਿੱਪਣੀਆਂ ਕਰਨ ਵਾਲੇ ਵਿਅਕਤੀ ਨੂੰ ਕਲੱਬ ਦੀ ਮੈਂਬਰਸ਼ਿਪ ਤੋਂ ਹਟਾ ਦਿੱਤਾ ਗਿਆ ਹੈ ਤੇ ਉਸ ਦੇ ਕਲੱਬ ਲਿੰਕ ਦੀ ਕਿਸੇ ਵੀ ਪ੍ਰੌਪਰਟੀ ਵਿੱਚ ਦਾਖਲ ਹੋਣ ਤੱਕ ਉੱਤੇ ਰੋਕ ਲਗਾ ਦਿੱਤੀ ਗਈ ਹੈ। ਇੱਥੇ ਦੱਸਣਾ ਬਣਦਾ ਹੈ ਕਿ ਸਿਰਫ ਜਾਰਜਟਾਊਨ ਗੌਲਫ ਕੋਰਸ ਹੀ ਨਹੀਂ ਸਗੋਂ ਕਲੱਬ ਲਿੰਕ ਅਜਿਹੀ ਕੌਮਾਂਤਰੀ ਚੇਨ ਹੈ ਜਿਹੜੀ ਸਿੱਖ ਵਿਅਕਤੀ ਕੁਲਦੀਪ ਰਾਇ ਸਾਹੀ ਦੀ ਮਲਕੀਅਤ ਹੈ। ਇਸ ਗੋਰੇ ਨੂੰ ਨਹੀਂ ਸੀ ਪਤਾ ਕਿ ਉਹ ਜਿਸ ਕਲੱਬ ਦਾ ਮੈਂਬਰ ਹੈ ਉਹ ਵੀ ਕਿਸੇ ਸਿੱਖ ਵਿਅਕਤੀ ਜਿਸ ਨੂੰ "ਪਾਕੀ" ਆਖਿਆ ਜਾਂਦਾ ਹੈ, ਦਾ ਹੀ ਹੈ। ਇਸ ਘਟਨਾ ਤੋਂ ਬਾਅਦ ਜਦੋਂ ਢਿੱਲੋਂ ਵੱਲੋਂ ਇਸ ਨੂੰ ਟਵਿੱਟਰ ਉੱਤੇ ਪੋਸਟ ਕੀਤਾ ਗਿਆ ਤਾਂ ਲੋਕਾਂ ਵਿੱਚ ਜਾਗਰੂਕਤਾ ਲਿਆਉਣ ਲਈ ਉਸ ਦੇ ਦੋਸਤਾਂ ਵੱਲੋਂ ਇਸ ਨੂੰ ਰੀ ਟਵੀਟ ਕੀਤਾ ਗਿਆ। ਹੌਲੀ ਹੌਲੀ ਇਹ ਮਾਮਲਾ ਸਬੰਧਤ ਗੋਰੇ ਵਿਅਕਤੀ ਦੇ ਆਫਿਸ ਤੱਕ ਵੀ ਜਾ ਪਹੁੰਚਿਆ ਤੇ ਇਸ ਤਰ੍ਹਾਂ ਦੀਆਂ ਤਿੱਖੀਆਂ ਨਸਲੀ ਟੀਕਾ ਟਿੱਪਣੀਆਂ ਕਰਨ ਦੇ ਦੋਸ਼ ਵਿੱਚ ਉਸ ਨੂੰ ਉਸ ਦੀ ਨੌਕਰੀ ਤੋਂ ਵੀ ਕੱਢ ਦਿੱਤਾ ਗਿਆ। ਵਾਰੀ ਵਾਰੀ ਮੁਆਫੀ ਮੰਗਣ ਦੇ ਬਾਵਜੂਦ ਟੈਰਾ ਕੌਟਾ ਕੰਪਨੀ, ਜਿਸ ਵਿੱਚ ਉਹ ਗੋਰਾ ਕੰਮ ਕਰਦਾ ਸੀ, ਨੇ ਉਸ ਨੂੰ ਮੁਆਫ ਨਹੀਂ ਕੀਤਾ।




ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa


- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana



ICCRC

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



Paramjit Deol
Broker

CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"

**Mississauga $749,000**



**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**



**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**



**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**




**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.

**MISSISSAUGA $299,000**

Photo Not Available

**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississauga $749,000**



**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**

Photo Not Available

**23 Wilmot St:** Sale Of Business With Property Gas Stations in Blandform-Blenheim Oxford area. For more information Call Paramjit Deol at 905-405-8484.

**Oshawa $659,000**

Photo Not Available

**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**

Photo Not Available

**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

**Brampton $749,000**



**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**



**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit, 13 Feet High Ceiling In Dining Room Situated On A Ravine Backing With An Extra Deep Lot.

**Oshawa $659,000**

Photo Not Available

**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**



**124 Cornwall Rd:** Move In Ready Designer Concept, Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**



**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**



**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**



**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

## ਅੱਜ ਨਾਮਾ

ਲੀਡਰ ਭਾਜਪਾ ਦੇ ਰਸਤੇ ਜਾਣ ਜਿਹੜੇ,
ਘੇਰਾ ਲੈਂਦੇ ਕਿਰਸਾਨ ਆ ਘੱਤ ਮਿੱਤਰ।
ਵਰਕਰ ਏਧਰ ਨੇ ਘੱਟ, ਕਿਸਾਨ ਬਹੁਤੇ,
ਖੜਦੇ ਇੱਕ ਦੇ ਮੂਹਰੇ ਆ ਸੱਤ ਮਿੱਤਰ।
ਨਾਲ ਲੀਡਰਾਂ ਦੇ ਜਿਹੜੇ ਜਾਣ ਵਰਕਰ,
ਸੁੱਕੀ ਉਨ੍ਹਾਂ ਦੀ ਹੁੰਦੀ ਆ ਰੱਤ ਮਿੱਤਰ।
ਖਬਰਾਂ ਜਦੋਂ ਘੇਰਾਓ ਦੀਆਂ ਸੁਣਨ ਅੱਗੋਂ,
ਮਾਰੀ ਉਨ੍ਹਾਂ ਦੀ ਰਹਿੰਦੜੀ ਮੱਤ ਮਿੱਤਰ।
ਖੱਖਰ ਭੂੰਡਾਂ ਦੀ ਛੇੜ ਲਈ ਭਾਜਪਾਈਆਂ,
ਟਿਕਣ ਔਖਾ ਤੇ ਹੋਵੇ ਨਹੀਂ ਦੌੜ ਮਿੱਤਰ।
ਚੜ੍ਹਦੀ ਆਉਂਦੀ ਆ ਚੋਣ ਅਸੈਂਬਲੀ ਦੀ,
ਹੁੰਦਾ ਜਾਪ ਰਿਹਾ ਕੰਮ ਸਭ ਚੌੜ ਮਿੱਤਰ।

**ਤੀਸ ਮਾਰ ਖਾਂ**

# ਭਾਜਪਾ ਮੰਤਰੀਆਂ ਨੂੰ ਵਰਚੂਅਲ ਮੀਟਿੰਗਾਂ ਵੀ ਕਿਸਾਨ ਨਹੀਂ ਕਰਨ ਦੇਣਗੇ

### * ਕਿਸਾਨ ਜਥੇਬੰਦੀਆਂ ਵੱਲੋਂ ਸੰਘਰਸ਼ ਹੋਰ ਤੇਜ਼ ਕਰਨ ਦਾ ਫੈਸਲਾ



ਚੰਡੀਗੜ੍ਹ, 15 ਅਕਤੂਬਰ, (ਪੋਸਟ ਬਿਊਰੋ)- ਕਿਸਾਨ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਨੇ ਅੱਜ ਇਹ ਫੈਸਲਾ ਕੀਤਾ ਹੈ ਕਿ ਉਹ ਅੱਗੇ ਤੋਂ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਦੇ ਲਈ ਦਿੱਲੀ ਨਹੀਂ ਜਾਣਗੇ। ਕਿਸਾਨਾਂ ਦੀਆਂ 31 ਜਥੇਬੰਦੀਆਂ ਵੱਲੋਂਅੱਜ ਏਥੇ ਕੀਤੀ ਗਈ ਮੀਟਿੰਗ ਵਿੱਚ ਕਿਸਾਨ ਸੰਘਰਸ਼ ਹੋਰ ਤੇਜ਼ ਕਰਨ ਦਾ ਫੈਸਲਾ ਕੀਤਾ ਗਿਆ ਹੈ।ਬੁੱਧਵਾਰ ਨੂੰ ਦਿੱਲੀ ਵਿੱਚ ਕੇਂਦਰ ਨਾਲ ਕਿਸਾਨਾਂ ਦੀ ਬੇਸਿੱਟਾ ਮੀਟਿੰਗ ਕਾਰਨ ਕਿਸਾਨ ਆਗੂਕਾਫੀ ਗੁੱਸੇ ਵਿੱਚ ਹਨ।

ਅੱਜ ਦੀ ਇਸ ਮੀਟਿੰਗ ਪਿੱਛੋਂ ਕਿਸਾਨ ਆਗੂਆਂ ਨੇ ਕਿਹਾ ਕਿ ਅੱਗੇ ਤੋਂ ਭਾਜਪਾ ਦੇ ਕੇਂਦਰੀ ਮੰਤਰੀ ਜਿੱਥੇ ਵੀ ਖੇਤੀ ਕਾਨੂੰਨਾਂ ਬਾਰੇ ਵਰਚੁਅਲ ਰੈਲੀ ਕਰਨਗੇ, ਉਨ੍ਹਾਂ ਦਾ ਜ਼ੋਰਦਾਰ ਵਿਰੋਧ ਕੀਤਾ ਜਾਵੇਗਾਅਤੇਭਾਜਪਾ ਨੇਤਾਵਾਂ ਦੇ ਘਰਾਂਅੱਗੇ ਅਣਮਿੱਥੇ ਸਮੇਂ ਦੇ ਧਰਨੇ ਲਾਏ ਜਾਣਗੇ। ਇਹੀ ਨਹੀਂ, ਪੰਜਾਬ ਵਿੱਚ ਆਉਣ ਵਾਲੇ ਭਾਜਪਾ ਦੇ ਹਰ ਵੱਡੇ ਨੇਤਾ ਦੇ ਪ੍ਰੋਗਰਾਮ ਦੌਰਾਨ ਉਸ ਦਾ ਵਿਰੋਧ ਵੀ ਕੀਤਾ ਜਾਵੇਗਾ।ਕਿਸਾਨਾਂ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ ਦਿੱਲੀ ਸੱਦ ਕੇ ਜਿਹੜਾ ਵਿਹਾਰ ਕੀਤਾ ਹੈ, ਉਸ ਨਾਲ ਕਿਸਾਨਾਂ ਦਾ ਅਪਮਾਨ ਹੋਇਆ ਹੈ। ਉਨ੍ਹਾ ਐਲਾਨ ਕੀਤਾ ਕਿ 17 ਅਕਤੂਬਰ ਨੂੰ ਪੂਰੇ ਪੰਜਾਬ ਵਿੱਚ ਮਾਰਚ ਕੱਢ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਫੂਕੇ ਜਾਣਗੇ।ਕਿਸਾਨ ਆਗੂਆਂ ਨੇ ਇਹ ਫੈਸਲਾ ਵੀ ਕੀਤਾ ਹੈ ਕਿ ਉਹ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਲਈ ਅੱਗੇ ਤੋਂ ਦਿੱਲੀ ਨਹੀਂ ਜਾਣਗੇ, ਪਰ ਆਪਣੇਸੰਘਰਸ਼ ਦੇ ਹਿਸਾਬ ਨਾਲ ਉਹ ਕੇਂਦਰ ਸਰਕਾਰ ਦੇ ਕਾਨੂੰਨਾਂ ਦਾ ਵਿਰੋਧ ਕਰਨ ਲਈ ਦਿੱਲੀ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਜੋ ਵੀ ਉਨ੍ਹਾਂ ਦੇ ਸੰਘਰਸ਼ ਦੇ ਅੱਗੇ ਆਏਗਾ,ਪ੍ਰਧਾਨ ਮੰਤਰੀ ਹੋਵੇ ਜਾਂ ਕੋਈ ਗਵਰਨਰ, ਉਹ ਉਸ ਦਾ ਜ਼ੋਰਦਾਰ ਵਿਰੋਧ ਕਰਨਗੇ!ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਸੰਘਰਸ਼ ਨੂੰ ਲੀਹੋਂਲਾਹੁਣ ਲਈ ਹੋ ਰਹੀਆਂ ਸਿਆਸੀ ਸਾਜ਼ਿਸ਼ਾਂ ਬਾਰੇ ਉਹ ਸੁਚੇਤ ਹਨ ਤੇ ਉਹ ਇਸ ਸੰਘਰਸ਼ ਨੂੰ ਪੂਰੇ ਦੇਸ਼ ਵਿੱਚ ਫੈਲਾਉਣਗੇ ਅਤੇ ਦਿੱਲੀ ਨੂੰ ਘੇਰਨ ਦੀ ਯੋਜਨਾ ਬਣਾਉਣਗੇ।

ਵਰਨਣ ਯੋਗ ਹੈ ਕਿ ਇਸ ਕਿਸਾਨ ਅੰਦੋਲਨ ਦੇ ਦਬਾਅ ਹੇਠ ਅਕਾਲੀ ਦਲ ਨੂੰ ਖੇਤੀ ਕਾਨੂੰਨਾਂ ਦੇ ਕਾਰਨ ਐਨਡੀਏ ਗੱਠਜੋੜ ਦਾ ਸਾਥ ਛੱਡਣਾ ਪਿਆ ਅਤੇ ਇਸੇ ਕਾਰਨ ਹਰਸਿਮਰਤ ਕੌਰ ਬਾਦਲ ਨੂੰ ਕੇਂਦਰ ਸਰਕਾਰ ਤੋਂ ਅਸਤੀਫ਼ਾ ਦੇਣਾ ਪਿਆ ਸੀ।ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਨੂੰ ਦਿੱਲੀ ਅਸੈਂਬਲੀ ਵਿੱਚ ਕਿਸਾਨਾਂ ਦੇ ਹਿੱਤ ਲਈ ਮਤਾ ਪਾਸ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨਵੰਬਰ ਦੇ ਆਖਰੀ ਹਫ਼ਤੇ ਦਿੱਲੀ ਨੂੰ ਘੇਰਿਆ ਜਾ ਸਕਦਾ ਹੈ। ਕਿਸਾਨ ਆਗੂਆਂ ਨੇ ਰਾਜਸੀ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਸੰਘਰਸ਼ਤੋਂ ਬਾਹਰ ਰਹਿ ਕੇ ਉਨ੍ਹਾਂ ਦਾ ਸਮਰਥਨ ਕਰਨ।ਇਸ ਦੌਰਾਨ ਕਿਸਾਨ ਆਗੂਆਂ ਨੇ ਅਗਲੀ ਮੀਟਿੰਗ 20 ਅਕਤੂਬਰ ਨੂੰ ਕਰਨੀ ਤੈਅ ਕਰਨ ਦੇ ਐਲਾਨ ਦੇ ਨਾਲ ਇਹ ਵੀ ਕਿਹਾ ਕਿ 'ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਇਸ ਵੇਲੇ ਸਾਡਾ ਹਿੱਸਾ ਨਹੀਂਰਹੀ।'

# ਪੰਜਾਬ ਵਿੱਚ ਸਕੂਲ 19 ਤੋਂ ਖੁੱਲ੍ਹਣਗੇ, ਓ ਪੀ ਡੀਜ਼ ਅਤੇ ਚੋਣਵੀਆਂ ਸਰਜਰੀਆਂ ਵੀ ਸ਼ੁਰੂ ਹੋਣਗੀਆਂ

ਚੰਡੀਗੜ੍ਹ, 15 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਵਿੱਚ ਕੋਵਿਡ-19 ਦੇ ਕੇਸਾਂ ਦੀ ਘਟਦੀ ਗਿਣਤੀ ਦੇਖ ਕੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਵੀਰਵਾਰ ਨੂੰ ਚੋਣਵੀਆਂ ਸਰਜਰੀਆਂ ਅਤੇ ਜਨਰਲਓ ਪੀ ਡੀ ਸੇਵਾ ਨੂੰ ਚੌਕਸੀ ਦੇ ਵੱਡੇ ਪ੍ਰਬੰਧਾਂ ਨਾਲ ਸ਼ੁਰੂ ਕਰਨ ਦੇ ਆਦੇਸ਼ ਦਿੱਤੇ ਹਨ, ਪਰ ਨਾਲ ਹੀ ਉਨ੍ਹਾਂ ਮਹਾਮਾਰੀ ਦੀ ਦੂਜੀ ਲਹਿਰ ਦੀ ਸੰਭਾਵਨਾ ਨੂੰ ਦੇਖਦਿਆਂ ਅਵੇਸਲੇ ਨਾ ਹੋਣ ਬਾਰੇ ਸਾਵਧਾਨ ਕੀਤਾ ਹੈ।ਮੁੱਖ ਮੰਤਰੀ ਨੇ 19 ਅਕਤੂਬਰ (ਇਸ ਸੋਮਵਾਰ) ਤੋਂ ਸਰਕਾਰੀ ਸਕੂਲ ਵੀ ਖੋਲ੍ਹਣ ਦੀ ਆਗਿਆ ਦਿੱਤੀ ਹੈ, ਪਰ ਸਕੂਲਾਂ ਦੀ ਪੂਰੀ ਸਫਾਈ ਤੇ ਸੈਨੇਟਾਈਜ਼ ਕਰਨ, ਮਾਪਿਆਂ ਦੀ ਸਹਿਮਤੀ ਅਤੇ ਸਾਰੀਆਂ ਤੈਅ ਕੀਤੀਆਂ ਵਿਧੀਆਂ ਦੀ ਪਾਲਣਾ ਯਕੀਨੀ ਬਣਾਉਣ ਨੂੰ ਕਿਹਾ ਹੈ।

ਇਸ ਦੌਰਾਨ ਮੈਡੀਕਲ ਮਾਹਿਰਾਂ ਨੇਪੰਜਾਬ ਵਿੱਚ ਤਿਉਹਾਰਾਂ ਦੇ ਸੀਜ਼ਨ ਜਾਂ ਸਰਦੀ ਦੇ ਮਹੀਨਿਆਂ ਵਿੱਚ ਬਿਮਾਰੀ ਦੀ ਦੂਸਰੀ ਲਹਿਰ ਦੀ ਆਉਣ ਦੀ ਸੰਭਾਵਨਾ ਦੱਸੀ ਹੈ, ਜਿਸਬਾਰੇ ਮੁੱਖ ਮੰਤਰੀ ਨੇ ਸਬੰਧਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਕਿ ਤਿਉਹਾਰਾਂ ਦੇ ਸੀਜ਼ਨ ਵੇਲੇ ਸਥਿਤੀਆਂ ਕਾਬੂ ਵਿੱਚ ਰੱਖਣ ਲਈ ਸਾਰੇ ਕਦਮ ਚੁੱਕੇ ਜਾਣ। ਉਨ੍ਹਾਂ ਸਿਹਤ ਅਤੇ ਮੈਡੀਕਲ ਸਿੱਖਿਆ ਵਿਭਾਗ ਨੂੰ ਮਾਰਕੀਟ ਕਮੇਟੀਆਂ ਨਾਲ ਮਿਲ ਕੇ ਵੱਡੇ ਪੱਧਰ ਉੱਤੇ ਮਾਸਕ ਵੰਡਣ, ਲੋਕਾਂ ਨੂੰ ਮਾਸਕ ਪਹਿਨਣ ਤੇ ਸਮਾਜਿਕ ਵਿੱਥ ਦੇ ਨਿਯਮਾਂ ਦੀ ਪਾਲਣਾ ਕਰਨਾ ਯਕੀਨੀ ਬਣਾਉਣ ਨੂੰ ਕਿਹਾ ਹੈ।ਕੋਵਿਡ ਦੀ ਸਥਿਤੀ ਦੀ ਸਮੀਖਿਆ ਦੇ ਲਈ ਵਰਚੁਅਲ ਮੀਟਿੰਗ ਵਿੱਚ ਮੁੱਖ ਮੰਤਰੀ ਨੇ ਵਿਭਾਗਾਂ ਨੂੰ ਕਿਹਾ ਕਿ ਤਕਨੀਸ਼ੀਅਨਾਂ ਆਦਿ ਦੀਆਂ ਖਾਲੀ ਪੋਸਟਾਂ ਤੁਰੰਤ ਭਰੀਆਂ ਜਾਣ ਤਾਂ ਜੋ ਜਨਰਲਓ ਪੀ ਡੀ ਸੇਵਾ ਦੇ ਨਾਲ ਹੀ ਚੋਣਵੀਆਂ ਸਰਜਰੀਆਂ ਸ਼ੁਰੂ ਕੀਤੀਆਂ ਜਾ ਸਕਣ।

ਮੀਟਿੰਗ ਦੌਰਾਨ ਡੀ ਜੀ ਪੀ ਦਿਨਕਰ ਗੁਪਤਾ ਨੇ ਦੱਸਿਆ ਕਿ ਪੁਲਿਸ ਵੱਲੋਂ ਤਿਉਹਾਰਾਂ ਦੇ ਸੀਜ਼ਨ ਦੌਰਾਨ ਪ੍ਰਬੰਧਾਂ ਦੀ ਪੂਰੀ ਤਿਆਰੀ ਹੈ, ਜਿਸ ਵਿੱਚ ਸੁਰੱਖਿਆ ਪ੍ਰਬੰਧ ਮਜ਼ਬੂਤ ਕਰਨੇ ਤੇ ਬਜ਼ਾਰਾਂ, ਰਾਮ ਲੀਲਾ ਵਾਲੇ ਸਥਾਨਾਂ ਉਤੇ ਕੋਵਿਡ ਨਿਯਮਾਂ ਦੀ ਸਖਤੀ ਨਾਲ ਪਾਲਣਾ ਕਰਵਾਈ ਜਾਵੇਗੀ। ਉਨ੍ਹਾ ਕਿਹਾ ਕਿ ਪੁਲਿਸ ਹਾਲੇ ਕਿਸਾਨਾਂ ਦੇ ਵਧਦੇ ਰੋਸ ਪ੍ਰਦਰਸ਼ਨਾਂ ਦੇ ਨਾਲ ਭਾਜਪਾ ਅਤੇ ਆਰ ਐੱਸ ਐੱਸ ਆਗੂਆਂ ਦੇ ਘਿਰਾਓ ਵੇਲੇ ਸੁਰੱਖਿਆ ਉੱਤੇ ਧਿਆਨ ਦੇ ਰਹੀ ਹੈ। ਉਨ੍ਹਾਂ ਦੱਸਿਆ ਕਿ ਸਤਬੰਰ ਦੇ ਮਹੀਨੇ ਦੌਰਾਨ ਕੋਵਿਡ ਕਾਰਨ 22 ਪੁਲਿਸ ਵਾਲਿਆਂ ਦੀ ਮੌਤ ਹੋਈ ਹੈ।

# ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸਰਕਾਰ ਤੇ ਪੁਲਸ ਉੱਤੇ ਗੰਭੀਰ ਦੋਸ਼ ਲਾਏ



ਪਠਾਨਕੋਟ, 15 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਭਾਜਪਾਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਅੱਜ ਪਠਾਨਕੋਟ ਵਿੱਚ ਪ੍ਰੈੱਸ ਕਾਨਫਰੰਸ ਕਰ ਕੇ ਪੰਜਾਬ ਸਰਕਾਰ ਅਤੇ ਪੰਜਾਬ ਪੁਲਸ ਉੱਤੇ ਗੰਭੀਰ ਦੋਸ਼ ਲਾਏ ਹਨ।

ਇਸ ਮੌਕੇ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਉੱਤੇ ਹੋਏ ਹਮਲੇ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜਿਹੜਾ ਬਿਆਨ ਦਿੱਤਾ, ਉਹ ਸੱਚਾਈਤੋਂ ਕੋਹਾਂ ਦੂਰ ਤੇ ਸਰਾਸਰ ਝੂਠ ਹੈ। ਉਨ੍ਹਾਂ ਕਿਹਾ ਕਿ 12 ਅਕਤੂਬਰ ਨੂੰ ਜਲੰਧਰ ਵਿੱਚ ਹੋਈ ਮੀਟਿੰਗ ਵੇਲੇ 25-30 ਪੁਲਿਸ ਵਾਲੇ ਮੌਜੂਦ ਸੀ। ਉਨ੍ਹਾਂ ਕਿਹਾ ਕਿ ਕਾਂਗਰਸ ਹੀ ਭਾਜਪਾ ਉੱਤੇ ਹਮਲਾ ਕਰਵਾ ਰਹੀ ਹੈ ਤੇ ਅੰਮ੍ਰਿਤਸਰ ਵਿੱਚ ਕਾਂਗਰਸ ਨੇ ਭਾਜਪਾ ਦੇ ਦਫ਼ਤਰ ਨੂੰ ਤਾਲਾ ਲਾ ਦਿੱਤਾ ਤੇ ਲੁਧਿਆਣਾ ਵਿੱਚ ਪੁਤਲਾ ਸਾੜਿਆ ਹੈ। ਸ਼ਰਮਾ ਨੇ ਕਿਹਾ ਕਿ ਜਦੋਂ12 ਅਕਤੂਬਰ ਨੂੰ ਜਲੰਧਰ ਦੀ ਮੀਟਿੰਗ ਦੇ ਬਾਅਦ ਉਹ ਚੱਲੇ ਤਾਂ ਕੁਝ ਲੋਕ ਇੱਕ ਇਨੋਵਾ ਕਾਰ ਵਿੱਚ ਉਨ੍ਹਾ ਦਾ ਪਿੱਛਾ ਕਰ ਰਹੇ ਸਨ ਅਤੇ ਉਨ੍ਹਾਂ ਕੋਲ ਪਿੱਛਾ ਕਰਨ ਵਾਲੀ ਕਾਰ ਦਾ ਨੰਬਰ ਵੀ ਹੈ, ਪਰ ਉਹ ਚਾਹੁੰਦੇ ਹਨ ਕਿ ਪੁਲਿਸ ਢੁਕਵੀਂ ਜਾਂਚ ਕਰੇ। ਉਨ੍ਹਾਂ ਕਿਹਾ ਕਿ ਪਿੱਛਾ ਕਰਨ ਵਾਲਿਆਂ ਵਿੱਚੋਂ ਇੱਕ ਜਣਾ ਲਾਈਵ ਸੀ ਤੇ ਵਾਰ-ਵਾਰ ਦੱਸ ਰਿਹਾ ਸੀ ਕਿ ਉਹ ਕਿੱਥੇ ਹਨ। ਉਨ੍ਹਾਂ ਕਿਹਾ ਕਿ ਜਦੋਂ ਉਹ ਟੋਲ ਪਲਾਜ਼ਾ ਵਿਖੇ ਪਹੁੰਚੇ ਤਾਂ ਪਹਿਲਾਂ ਤੋਂਕੁਝ ਲੋਕ ਵੱਖੋ ਵੱਖਰੇ ਝੰਡੇ ਫੜ ਕੇ ਉਨ੍ਹਾਂ ਦੀ ਉਡੀਕ ਕਰ ਰਹੇ ਸਨ ਅਤੇ ਉਨ੍ਹਾਂ ਦੇ ਜਾਂਦੇ ਸਾਰ ਉਨ੍ਹਾਂ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਅਤੇ ਉਨ੍ਹਾਂਦੀ ਕਾਰ ਉੱਤੇ ਬੇਸ ਬੈਟ ਨਾਲ ਹਮਲਾ ਕੀਤਾ ਗਿਆ। ਉਨ੍ਹਾਂ ਹੈਰਾਨੀ ਨਾਲ ਕਿਹਾ ਕਿਪੰਜਾਬ ਪੁਲਸ ਦੇ ਡੀਜੀਪੀ ਦਾ ਬਿਆਨ ਸ਼ਰਮਸਾਰ ਕਰਨ ਵਾਲਾ ਹੈ, ਜਿਸ ਨੇਕਿਹਾ ਹੈ ਕਿ ਉਨ੍ਹਾਂ ਦੀ ਕਾਰ ਦਾ ਸ਼ੀਸ਼ਾ ਟੁੱਟਿਆ ਹੈ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਜਦੋਂ ਹਮਲਾ ਹੋਇਆ ਤਾਂ ਉਨ੍ਹਾਂ ਦੇ ਸੁਰੱਖਿਆ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਬਚਾਇਆ ਤੇ ਉਹ ਮੌਕੇ ਤੋਂਨਿਕਲੇ ਸਨ, ਪਰ ਕਾਂਗਰਸ ਆਗੂ ਰਾਜਕੁਮਾਰ ਵੇਰਕਾ ਦਾ ਬਿਆਨ ਹੈ ਕਿ ਭਾਜਪਾ ਨੇ ਖੁਦ ਹਮਲਾ ਕੀਤਾ ਅਤੇ ਕਾਂਗਰਸ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਇਸ ਹਮਲੇ ਦੀ ਜ਼ਿੰਮੇਵਾਰੀ ਲੈ ਰਹੇ ਹਨ, ਜਦ ਕਿ ਮੁੱਖ ਮੰਤਰੀ ਸਿਰਫ ਜਾਂਚ ਦੀ ਗੱਲ ਕਰਦੇ ਹੋਏ ਕਹਿੰਦੇ ਹਨ ਕਿ ਕਿਸਾਨਾਂ ਨੇ ਹਮਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀਬੋਲਣ ਵੇਲੇ ਕੁਝ ਨਹੀਂ ਸੋਚਦੇ ਅਤੇ ਭਾਜਪਾ ਨੂੰ ਜ਼ਿੰਮੇਵਾਰ ਠਹਿਰਾਈ ਜਾਂਦੇ ਹਨ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਏਥੇ ਹਰ ਕੋਈ ਝੂਠ ਬੋਲ ਰਿਹਾ ਹੈ, ਕਿਸੇ ਨੇ ਉਨ੍ਹਾਂ ਨਾਲ ਸੰਪਰਕ ਨਹੀਂ ਕੀਤਾ ਅਤੇ ਉਨ੍ਹਾਂ ਨੇ ਖੁਦ ਡੀਜੀਪੀ ਨੂੰ ਦੱਸਿਆ, ਪਰ ਅਸ਼ਵਨੀ ਸ਼ਰਮਾ ਨੂੰ ਕਿਸੇ ਨੇ ਇੱਕ ਵਾਰ ਵੀ ਨਹੀਂ ਬੁਲਾਇਆ। ਉਨ੍ਹਾਂ ਦੋਸ਼ ਲਾਇਆ ਕਿ ਅੱਜ ਵਿਜੇ ਸਾਂਪਲਾ ਮੁਕਤਸਰ ਚੱਲੇ ਸਨ ਤਾਂ ਪੁਲਿਸ ਗਲਤ ਪਾਸੇ ਵੱਲ ਚਲੀ ਗਈ ਅਤੇ ਕਾਂਗਰਸ ਵਾਲਿਆਂ ਨੇ ਵਿਜੇ ਸਾਂਪਲਾ ਦਾ ਰਾਹ ਰੋਕਿਆ ਅਤੇ ਇਸ ਪਿੱਛੋਂਕੁਝ ਕਿਸਾਨ ਵੀ ਆ ਗਏ ਅਤੇ ਇਹ ਸਭ ਯੋਜਨਾ-ਬੱਧ ਹੋ ਰਿਹਾ ਹੈ।

# ਬਾਦਲ ਅਕਾਲੀ ਦਲ ਵੱਲੋਂ ਸਾਰੇ ਪੰਜਾਬ ਨੂੰ ਮੰਡੀ ਐਲਾਨਣ ਲਈ ਪ੍ਰਾਈਵੇਟ ਮੈਂਬਰ ਬਿੱਲ ਪੇਸ਼



ਚੰਡੀਗੜ੍ਹ, 15 ਅਕਤੂਬਰ, (ਪੋਸਟ ਬਿਊਰੋ)- ਬਾਦਲ ਅਕਾਲੀ ਦਲ ਨੇ ਅੱਜ ਪੰਜਾਬ ਅਸੈਂਬਲੀ ਵਿੱਚ ਪ੍ਰਾਈਵੇਟ ਮੈਂਬਰ ਬਿੱਲ ਪੇਸ਼ ਕਰ ਕੇ ਮੰਗ ਕੀਤੀ ਹੈ ਕਿ ਸਾਰੇ ਸੂਬੇ ਨੂੰ ਇੱਕੋ ਸਰਕਾਰੀ ਮੰਡੀ ਐਲਾਨ ਕਰ ਦਿੱਤਾ ਜਾਵੇ

'ਦ ਪੰਜਾਬ ਐਗਰੀਕਲਚਰਲ ਪ੍ਰੋਡਿਊਸਿਜ਼ ਮਾਰਕੀਟਸ (ਅਮੈਂਡਮੈਂਟ ਬਿੱਲ) 2020' ਅੱਜ ਅਕਾਲੀ ਵਿਧਾਇਕ ਬਿਕਰਮ ਸਿੰਘ ਮਜੀਠੀਆ ਨੇ ਪੇਸ਼ ਕੀਤਾ ਹੈ, ਜੋ ਇਸ ਬਾਰੇ ਖੁਦ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ ਪੀ ਸਿੰਘ ਨੂੰ ਮਿਲੇ ਅਤੇ ਉਨ੍ਹਾਂ ਨੂੰ ਪੰਦਰਾਂ ਦਿਨਾਂ ਦੀ ਸ਼ਰਤ ਖਤਮ ਕਰ ਕੇ ਇਹ ਬਿੱਲ ਪੇਸ਼ ਕਰਨ ਦੀ ਆਗਿਆ ਦੇਣ ਦੀ ਬੇਨਤੀ ਕਰਦੇ ਹੋਏ ਕਿਹਾ ਕਿ ਇਹ ਸ਼ਰਤ ਵਿਧਾਨ ਸਭਾ ਦੇ ਰੂਲਜ਼ ਅਨੁਸਾਰ ਹਟਾਈ ਜਾ ਸਕਦੀ ਹੈ, ਕਿਉਂਕਿ ਵਿਸ਼ੇਸ਼ ਸੈਸ਼ਨ ਵੀ ਏਸੇ ਤਰ੍ਹਾਂ ਸਿਰਫ 4 ਦਿਨ ਦੇ ਨੋਟਿਸ ਉੱਤੇ ਸੱਦਿਆ ਗਿਆ ਹੈ। ਇਸ ਬਿੱਲ ਵਿਚ ਅਕਾਲੀ ਦਲ ਨੇ ਸੁਝਾਅ ਦਿੱਤਾ ਹੈ ਕਿ ਪੰਜਾਬ ਏ ਪੀ ਐਮ ਸੀ ਐਕਟ 1961 ਵਿਚ ਸੋਧ ਕਰ ਕੇ ਇਕ ਧਾਰਾ 7 ਹੋਰ ਜੋੜੀ ਜਾਵੇ ਕਿ'ਸਾਰਾ ਸੂਬਾ ਪ੍ਰਮੁੱਖ ਮੰਡੀ ਫੜ੍ਹ (ਯਾਨੀ ਸਰਕਾਰੀ ਮੰਡੀ) ਹੋਵੇਗਾ'। ਇਸ ਬਿੱਲ ਵਿਚ ਕਿਹਾ ਗਿਆ ਕਿ ਪੰਜਾਬ ਦੇ ਕਿਸਾਨਾਂ ਨੂੰ ਆਪਣੀ ਫਸਲ ਦੇ ਉਤਪਾਦਨ ਤੇ ਵਿਕਰੀ ਵਿਚ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਵਿਚ ਸਪਸ਼ਟ ਕੀਤਾ ਗਿਆ ਕਿ ਏ ਪੀ ਐਮ ਸੀ ਦੇ ਬੁਨਿਆਦੀ ਢਾਂਚੇ ਦਾ ਨਿੱਜੀਕਰਨ ਫਸਲਾਂ ਦੀ ਖਰੀਦ ਅਤੇ ਵਿਕਰੀ ਦੀ ਕੀਮਤ ਦੇ ਮਾਮਲੇ ਵਿਚ ਕਿਸਾਨਾਂ ਨੂੰ ਪ੍ਰਾਈਵੇਟ ਵਪਾਰੀਆਂ ਦੇ ਰਹਿਮ ਉੱਤੇ ਛੱਡ ਦੇਵੇਗਾ। ਇਸ ਬਿੱਲ ਵਿਚ ਜ਼ੋਰ ਦਿੱਤਾ ਗਿਆ ਕਿ ਫਸਲਾਂ ਦੇ ਵਪਾਰ ਦੇ ਪੱਖ ਤੋਂ ਸਵਾਲ ਉੱਠ ਰਹੇ ਹਨ, ਇਸ ਲਈ ਕਿਸਾਨ ਹਿੱਤਾਂ ਦੀ ਰਾਖੀ ਲਈ ਇਹ ਬਿੱਲ ਬਹੁਤ ਜ਼ਰੂਰੀ ਹੈ।

ਇਸ ਬਾਰੇ ਪ੍ਰੈੱਸ ਕਾਨਫਰੰਸ ਵਿੱਚ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਉਨ੍ਹਾਂ ਨੇ ਇਹ ਬਿੱਲ ਇਸ ਲਈ ਪੇਸ਼ ਕੀਤਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਹਿਲਾਂ ਹੀ ਕਹਿ ਦਿੱਤਾ ਹੈ ਕਿ ਵਿਸ਼ੇਸ਼ ਸੈਸ਼ਨ ਸਿਰਫ ਮਤਿਆਂ ਦੀ ਖਾਨਾਪੂਰਤੀ ਵਾਸਤੇ ਸੱਦ ਰਹੇ ਹਨ।ਉਨ੍ਹਾ ਕਿਹਾ ਕਿ ਮੁੱਖ ਮੰਤਰੀ ਨੇ ਪਹਿਲਾਂ ਹੀ ਖਟਕੜ ਕਲਾਂ ਵਿਖੇ ਕਹਿ ਦਿੱਤਾ ਸੀ ਕਿ ਵਿਸ਼ੇਸ਼ ਸੈਸ਼ਨ ਸੱਦਣ ਦੀ ਕੋਈ ਤੁੱਕ ਨਹੀਂ, ਪਰਜਦੋਂ ਅਕਾਲੀ ਦਲ ਨੇ ਐਲਾਨ ਕੀਤਾ ਕਿ ਜੇ ਉਨ੍ਹਾਂ ਨੇ ਸੈਸ਼ਨ ਨਾ ਸੱਦਿਆ ਤਾਂ ਉਹ ਉਨ੍ਹਾਂ ਦਾ ਘਿਰਾਓ ਕਰਨਗੇ ਤਾਂ ਉਹ ਸੈਸ਼ਨ ਸੱਦਣ ਦਾ ਐਲਾਨ ਕਰਨ ਲਈ ਮਜਬੂਰ ਹੋਏ ਹਨ। ਮਜੀਠੀਆ ਨੇ ਕਿਹਾ ਕਿ ਅਸੀਂ ਉਨ੍ਹਾਂ ਉੱਤੇ ਦਬਾਅ ਬਣਾ ਕੇ ਉਨ੍ਹਾਂਤੋਂ ਇਹ ਕਾਨੂੰਨ ਬਣਵਾਉਣਾ ਚਾਹੁੰਦੇ ਹਾਂ, ਜਿਸ ਨਾਲ ਪੰਜਾਬ ਦੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਆੜ੍ਹਤੀਆਂ ਦਾ ਭਵਿੱਖ ਸੁਰੱਖਿਅਤ ਕੀਤਾ ਜਾ ਸਕੇ।

UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

# ਸੰਪਾਦਕੀ

## ਕੀ ਅਤੀਅੰਤ ਬਿਮਾਰ ਮਰੀਜ਼ਾਂ ਲਈ ਜੋਖ਼ਮ ਬਣ ਰਿਹਾ ਹੈ ਬਰੈਂਪਟਨ ਸਿਵਕ?

ਇੰਝ ਜਾਪਦਾ ਹੈ ਕਿ ਵਿਵਾਦਾਂ ਅਤੇ ਬਰੈਂਪਟਨ ਸਿਵਕ ਹਸਪਤਾਲ ਦੇ ਧੁਰੋਂ ਹੀ ਸੰਜੋਗ ਬਣ ਕੇ ਆਏ ਹਨ। ਥੋੜੇ ਬਹੁਤੇ ਸਮੇਂ ਬਾਅਦ ਕੋਈ ਨਾ ਕੋਈ ਖ਼ਬਰ ਆ ਹੀ ਜਾਂਦੀ ਹੈ ਜੋ ਦੁੱਖ ਭਰੀ ਰੋਚਕਤਾ ਵਾਲੀ ਹੁੰਦੀ ਹੈ। ਇਹਨੀਂ ਦਿਨੀਂ ਬਰੈਂਪਟਨ ਦੇ ਅੰਦਰ ਮੌਜੂਦ Complex Continuing Care unit (CCC) ਦੀ ਹੋਂਦ ਨੂੰ ਲੈ ਕੇ ਇੱਕ ਅਜੀਬ ਕਿਸਮ ਦੀ ਕਸ਼ਮਕਸ਼ ਪਾਈ ਜਾ ਰਹੀ ਹੈ। ਜਿਵੇਂ ਕਿ ਨਾਮ ਤੋਂ ਹੀ ਜਾਹਰ ਹੈ, CCC ਦਾ ਭਾਵ ਹੈ ਉਹ ਯੂਨਿਟ ਜਿਸ ਵਿੱਚ ਗੰਭੀਰ ਮਰੀਜ਼ਾਂ ਦੀ ਲਗਾਤਾਰ ਸੇਵਾ ਸੰਭਾਲ ਕੀਤੀ ਜਾਂਦੀ ਹੈ। ਬਰੈਂਪਟਨ ਸਿਵਕ ਹਸਤਪਾਲ ਦੀ ਆਪਣੀ ਵੈੱਬਸਾਈਟ ਮੁਤਾਬਕ CCC ਵਿੱਚ ਉਹ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜਿਹਨਾਂ ਨਾਲ ਗੰਭੀਰ ਸਿਹਤ ਸਮੱਸਿਆਵਾਂ ਨਾਲ ਜੂਝ ਰਹੇ ਮਰੀਜ਼ਾਂ ਲਈ ਨਿਰਧਾਰਤ ਕੀਤੇ ਗਏ ਮੈਡੀਕਲ ਉਦੇਸ਼ਾਂ ਦੀ ਪੂਰਤੀ ਇੰਝ ਹੋਵੇ ਕਿ ਮਰੀਜ਼ ਦੀ ਜੀਵਨ ਗੁਣਵੱਤਾ ਵਿੱਚ ਜ਼ਿਕਰਯੋਗ ਸੁਧਾਰ ਆਵੇ। ਬਰੈਂਪਟਨ ਸਿਵਕ ਹਸਪਤਾਲ ਦੀ ਇਸ ਯੂਨਿਟ ਵਿੱਚ ਇਸ ਵੇਲੇ 13 ਮਰੀਜ਼ ਹਨ ਅਤੇ ਇਹਨਾਂ ਸਾਰਿਆਂ ਲਈ ਹਸਤਪਾਲ ਨੇ ਇਹ ਆਖ ਕੇ ਬੇਯਕੀਨੀ ਦਾ ਮਾਹੌਲ ਬਣਾ ਦਿੱਤਾ ਹੈ ਕਿ ਦਸੰਬਰ 2020 ਤੱਕ ਇਸ ਯੂਨਿਟ ਨੂੰ ਬੰਦ ਕਰ ਦਿੱਤਾ ਜਾਵੇਗਾ।

ਸੁਆਲ ਹੈ ਕਿ ਯੂਨਿਟ ਬੰਦ ਕਿਉਂ ਕੀਤੀ ਜਾ ਰਹੀ ਹੈ? ਇਸ ਬਾਰੇ ਇਸ ਯੂਨਿਟ ਵਿੱਚ ਦਾਖ਼ਲ ਇੱਕ ਪੰਜਾਬੀ ਮਰੀਜ਼ ਹਰਜਿੰਦਰ ਸ਼ਰਮਾ ਦੀ ਪਤਨੀ ਸੰਗੀਤਾ ਸ਼ਰਮਾ ਦਾ ਆਖਣਾ ਹੈ ਕਿ ਮਰੀਜ਼ਾਂ ਨੂੰ ਬਿਨਾ ਕਿਸੇ ਲਿਖਤੀ ਇਤਲਾਹ ਤੋਂ ਯੂਨਿਟ ਦੇ ਮੈਨੇਜਰ ਵੱਲੋਂ ਮਰੀਜ਼ਾਂ ਦੇ ਪਰਿਵਾਰਾਂ ਨੂੰ ਫੋਨ ਕਰਕੇ ਦੱਸਿਆ ਜਾ ਰਿਹਾ ਹੈ ਕਿ CCC ਯੂਨਿਟ ਬੰਦ ਕੀਤੀ ਜਾ ਰਹੀ ਹੈ। 512 ਮਿਲੀਅਨ ਡਾਲਰ ਦੀ ਲਾਗਤ ਨਾਲ 2007-08 ਵਿੱਚ ਤਿਆਰ ਹੋਏ ਇਸ ਹਸਪਤਾਲ ਬਾਰੇ ਪੁੱਛਿਆ ਜਾ ਸਕਦਾ ਹੈ ਕਿ ਕਿਸੇ ਅਹਿਮ ਯੂਨਿਟ ਨੂੰ ਬੰਦ ਕਰਨ ਲਈ ਸਬੰਧਿਤ ਮਰੀਜ਼ਾਂ ਦੇ ਪਰਿਵਾਰਾਂ ਨੂੰ ਲਿਖਤੀ ਰੂਪ ਵਿੱਚ ਇਤਲਾਹ ਕਿਉਂ ਨਹੀਂ ਦਿੱਤੀ ਜਾ ਰਹੀ? ਪੱਛਮੀ ਮੁਲਕਾਂ ਵਿਸ਼ੇਸ਼ ਕਰਕੇ ਉੱਤਰ ਅਮਰੀਕਾ ਵਿੱਚ ਪਬਲਿਕ ਪ੍ਰਸ਼ਾਸ਼ਨ ਦਾ ਇੱਕ ਕੇਂਦਰੀ ਧੁਰਾ 'ਨੇਮਾਂ ਉੱਤੇ ਆਧਾਰਿਤ ਫੈਸਲੇ' ਕਰਨਾ ਹੈ। ਮਰੀਜ਼ਾਂ ਦੇ ਪਰਿਵਾਰਾਂ ਹੈਰਾਨ ਹਨ ਕਿ ਉਹਨਾਂ ਨੂੰ ਬਿਨਾ ਕਿਸੇ ਚਿੱਠੀ ਪੱਤਰ ਤੋਂ ਫੋਨ ਕਰਕੇ ਯੂਨਿਟ ਬੰਦ ਕਰਨ ਬਾਬਤ ਫੈਸਲਾ ਸੁਣਾਉਣ ਲਈ ਬੁਲਾਇਆ ਜਾ ਰਿਹਾ ਹੈ। ਇਸ ਮੀਟਿੰਗ ਵਿੱਚ ਉਹਨਾਂ ਨਾਲ ਕੀ ਜਾਣਕਾਰੀ ਸਾਂਝੀ ਕੀਤੀ ਜਾਵੇਗੀ, ਉਹਨਾਂ ਨੂੰ ਕਿਹੋ ਜਿਹੇ ਸੁਆਲਾਂ ਦੇ ਜਵਾਬ ਦੇਣ ਲਈ ਮਜ਼ਬੂਰ ਕੀਤਾ ਜਾਵੇਗਾ ਜਾਂ ਫੇਰ ਇਸ ਮੀਟਿੰਗ ਨੂੰ ਬਹਾਨਾ ਬਣਾ ਕੇ ਕਿਹੋ ਜਿਹਾ ਫੈਸਲਾ ਕਰ ਲਿਆ ਜਾਵੇਗਾ, ਆਪਣੇ ਪਰਿਵਾਰਕ ਜੀਆਂ ਦੀ ਸੇਵਾ ਸੰਭਾਲ ਤੋਂ ਚਿੰਤਤ ਪਰਿਵਾਰ ਇਹੋ ਜਿਹੇ ਅਣਕਿਆਸੇ ਸੁਆਲਾਂ ਕਾਰਣ ਪਰੇਸ਼ਾਨ ਹਨ।

ਸ਼੍ਰੀਮਤੀ ਸ਼ਰਮਾ ਦਾ ਆਖਣਾ ਹੈ ਕਿ 9 ਜਨਵਰੀ 2003 ਨੂੰ ਉਸਦੇ ਪਤੀ ਹਰਜਿੰਦਰ ਸ਼ਰਮਾ ਨੂੰ ਅਚਾਨਕ ਦਿਮਾਗੀ ਦੌਰਾ ਪੈ ਗਿਆ ਸੀ ਜਿਸ ਕਾਰਣ ਉਹ ਅੱਜ ਤੱਕ ਹਸਪਤਾਲ ਵਿੱਚ ਜੀਵਨ ਮੌਤ ਲਈ ਘੋਲ ਕਰ ਰਿਹਾ ਹੈ। ਉਸ ਮੁਤਾਬਕ ਬਰੈਂਪਟਨ ਹਸਤਪਾਲ ਦੇ ਉੱਚ ਅਧਿਕਾਰੀਆਂ ਨੇ 7 ਸਾਲ ਪਹਿਲਾਂ ਹੀ ਉਸਦੇ ਪਤੀ ਨੂੰ ਦਿਮਾਗੀ ਰੂਪ ਵਿੱਚ ਮਿਰਤਕ (brain dead) ਐਲਾਨ ਕਰਕੇ ਉਸਦੀ ਆਕਸੀਜਨ ਨਾਲੀ ਲਾਹ ਕੇ ਜੀਵਨ ਲੀਲਾ ਖਤਮ ਕਰਨ ਦਾ ਹੁਕਮ ਦਿੱਤਾ ਸੀ। ਸੰਗੀਤਾ ਸ਼ਰਮਾ ਨੇ ਆਪਣੇ ਹੱਥੀਂ ਪਤੀ ਦਾ ਕਤਲ ਕਰਨ ਨਾਲੋਂ ਜਦੋਜਹਿਦ ਦੇ ਰਾਹ ਪੈਣ ਨੂੰ ਤਰਜੀਹ ਦਿੱਤੀ। ਉਸਦੀ ਹਿੰਮਤ ਅਤੇ ਚੁਣੌਤੀ ਦੇ ਸਨਮੁਖ ਹਸਪਤਾਲ ਨੂੰ ਅਜਿਹੇ ਫੈਸਲੇ ਕਰਨੇ ਪਏ ਜਿਹਨਾਂ ਬਦੌਲਤ ਸੰਗੀਤ ਸ਼ਰਮਾ ਨੂੰ ਹਸਤਪਾਲ ਦੇ ਅੰਦਰ ਇਲਾਜ ਦੀਆਂ ਬਦਲਵੀਆਂ ਵਿਧੀਆਂ (alternative methods of treatment) ਵਰਤ ਕੇ ਸੇਵਾ ਸੰਭਾਲ ਕਰਨ ਦੇ ਹੱਕ ਮਿਲੇ। ਅਜਿਹੀ ਇਜ਼ਾਜਤ ਦੇਣੀ ਬਰੈਂਪਟਨ ਸਿਵਕ ਦੇ ਇਤਿਹਾਸ ਵਿੱਚ ਸ਼ਾਇਦ ਪਹਿਲਾ ਅਤੇ ਆਖਰੀ ਕੇਸ ਸੀ। ਅੱਜ 7 ਸਾਲ ਬਾਅਦ ਹਰਜਿੰਦਰ ਸ਼ਰਮਾ ਦਿਮਾਗੀ ਅਤੇ ਸਰੀਰਕ ਰੂਪ ਵਿੱਚ 2013 ਨਾਲੋਂ ਕਿਤੇ ਵੱਧ ਚੇਤੰਨ ਅਤੇ ਹੁਸ਼ਿਆਰ ਹੈ। ਸੰਗੀਤਾ ਸ਼ਰਮਾ ਦਾ ਦਾਅਵਾ ਹੈ ਕਿ ਉਸ ਵੱਲੋਂ ਦਿੱਤੀਆਂ ਗਈਆਂ ਚੁਣੌਤੀਆਂ ਨੂੰ ਖੁਦ ਦੀ ਹਾਰ ਸਮਝ ਕੇ ਹਸਪਤਾਲ ਅਧਿਕਾਰੀ ਉਸਨੂੰ ਸਬਕ ਸਿਖਾਉਣ ਦੇ ਇਰਾਦੇ ਨਾਲ 12 ਹੋਰ ਪਰਿਵਾਰਾਂ ਨੂੰ ਸਜ਼ਾ ਦੇਣ ਉੱਤੇ ਉਤਾਰੂ ਹਨ।

ਕਿਹਾ ਜਾ ਸਕਦਾ ਹੈ ਕਿ ਸੰਗੀਤਾ ਸ਼ਰਮਾ ਦਾ ਆਪਣਾ ਸੱਚ ਹੈ ਜਿਸ ਨੂੰ ਮੰਨਣਾ ਜਾਂ ਝੁਠਲਾਉਣਾ ਹਸਤਪਾਲ ਦਾ ਹੱਕ ਹੋ ਸਕਦਾ ਹੈ। ਪਰ COVID 19 ਦੇ ਦਿਨਾਂ ਵਿੱਚ ਯੂਨਿਟ ਨੂੰ ਬਿਨਾ ਕਾਰਣ ਦੱਸੇ ਬੰਦ ਕਰਨ ਦੀ ਪ੍ਰਕਿਰਿਆ ਆਰੰਭ ਕਰਨਾ ਸਹੀ ਨਹੀਂ ਹੈ। ਜੇ ਗੰਭੀਰ ਮਰੀਜ਼ਾਂ ਨੂੰ ਲੌਂਗ ਟਰਮ ਕੇਅਰ ਹੋਮਾਂ ਜਾਂ ਹੋਰ ਥਾਂਵਾਂ ਉੱਤੇ ਤਬਦੀਲ ਕੀਤਾ ਜਾਵੇਗਾ ਤਾਂ ਉਹਨਾਂ ਦੀ ਸਿਹਤ ਨੂੰ COVID 19 ਤੋਂ ਕਿੰਨਾ ਗੰਭੀਰ ਖਤਰਾ ਹੋ ਸਕਦਾ ਹੈ। ਕਿਸੇ ਵੀ ਸਿਹਤ ਸੰਸਥਾ ਖਾਸ ਕਰਕੇ ਹਸਪਤਾਲ ਵਿੱਚ ਸੇਵਾ ਸੰਭਾਲ ਦਾ ਕੇਂਦਰੀ ਸਿਧਾਂਤ ਹੁੰਦਾ ਹੈ ਕਿ ਜੀਵਨ ਮੌਤ ਨਾਲ ਜੂਝ ਰਹੇ ਮਰੀਜ਼ਾਂ ਨੂੰ ਮੌਤ ਤੋਂ ਪਹਿਲਾਂ ਮੌਤ ਵੱਲ ਨਹੀਂ ਧੱਕਿਆ ਜਾਣਾ ਚਾਹੀਦਾ। ਕੌਣ ਜਾਣਦਾ ਹੈ ਕਿ ਜਦੋਂ ਤੱਕ ਸਾਹ ਚੱਲਦੇ ਹਨ, ਉਸ ਵੇਲੇ ਤੱਕ ਕਿਸੇ ਮਨੁੱਖ ਵਿੱਚ ਰੱਬ ਨੇ ਕਿਹੋ ਜਿਹੀਆਂ ਸੰਭਾਵਨਾਵਾਂ ਮੌਜੂਦ ਕਰ ਰੱਖੀਆਂ ਹਨ। ਘੱਟੋ ਘੱਟ ਅਕਬਰ ਇਲਾਹਾਬਾਦੀ ਦੀਆਂ ਇਹ ਸਤਰਾਂ ਦਾ ਇਸੇ ਸੱਚ ਵੱਲ ਇਸ਼ਾਰਾ ਕਰਦੀਆਂ ਹਨ:

'ਸੂਰਜ ਮੇਂ ਲਗੇ ਧੱਬਾ
ਫਿਤਰਤ ਕੇ ਕ੍ਰਿਸ਼ਮੇ ਹੈਂ
ਬੁੱਤ ਹਮ ਕੋ ਕਹੇਂ ਕਾਫ਼ਿਰ,
ਅੱਲਾ ਕੀ ਮਰਜ਼ੀ ਹੈ।
ਨਾ-ਤਜੁਰਬੇਕਾਰੀ ਸੇ ਵਾਇਸ ਕੀ
ਯੇਹ ਬਾਤੇਂ ਹੈਂ
ਇਸ ਰੰਗ ਕੋ ਕਿਯਾ ਜਾਨੇਂ,
ਪੂਛੋ ਤੋਹ ਕਭੀ ਪੀ ਹੈ।
ਹਰ ਜ਼ਰਾ ਚਮਕਤਾ ਹੈ
ਅਨਵਰ-ਏ-ਇੱਲਾਹੀ ਸੇ
ਹਰ ਸਾਂਸ ਯੇ ਕਹਿਤੀ ਹੈ,
ਹਮ ਹੈਂ ਤੋ ਖ਼ੁਦਾ ਭੀ ਹੈ।'

## ਬਰੈਂਪਟਨ ਹਸਪਤਾਲ ਵਿੱਚ ਆਰੰਭੀ ਗਈ ਸਿਹਤ ਸੰਭਾਲ ਦੀ ਨਵੀਂ ਪਿਰਤ

2013 ਵਿੱਚ ਬਰੈਂਪਟਨ ਹਸਪਤਾਲ ਵਿੱਚ ਦਾਖ਼ਲ ਹੋਏ ਆਪਣੇ ਪਤੀ ਦੀ ਸਿਹਤ ਸੰਭਾਲ ਕਰਨ ਲਈ ਸੰਗੀਤਾ ਸ਼ਰਮਾ ਨੂੰ ਇੱਕ ਤੋਂ ਬਾਅਦ ਇੱਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ। ਸਮਾਂ ਪਾ ਕੇ ਹਸਪਤਾਲ ਦੇ ਅਧਿਕਾਰੀਆਂ ਨੇ ਉਸਦੀ ਇਸ ਜ਼ਿੱਦ ਨੂੰ ਤਾਂ ਮੰਨ ਲਿਆ ਕਿ ਹਰਜਿੰਦਰ ਸ਼ਰਮਾ ਦੀ ਜੀਵਨ ਡੋਰ ਨੂੰ ਨਹੀਂ ਤੋੜਿਆ ਜਾਵੇਗਾ। ਹੁਣ ਸਮੱਸਿਆ ਸੀ ਕਿ ਹਸਪਤਾਲ ਸਿਸਟਮ ਨੇਮਾਂ ਮੁਤਾਬਕ ਹਰਜਿੰਦਰ ਦੇ ਸੁਆਸਥ ਨੂੰ ਬਿਹਤਰ ਕਰਨ ਲਈ ਕੋਈ ਸਰਗਰਮ ਚਾਰਾਜੋਈ ਕਰਨ ਤੋਂ ਅਸਮਰੱਥ ਸੀ। ਸੋ ਸੰਗੀਤਾ ਲਈ ਇਹ ਲਾਜ਼ਮੀ ਬਣ ਗਿਆ ਕਿ ਆਪਣੇ ਪਤੀ ਦੀ ਦੇਖਭਾਲ ਨੂੰ ਆਪਣੇ ਹੱਥਾਂ ਵਿੱਚ ਲੈ ਲਵੇ। ਕਾਇਦੇ ਕਾਨੂੰਨਾਂ ਦੀ ਬਹੁਤੀ ਪਰਵਾਹ ਨਾ ਕਰਦੇ ਹੋਏ ਸੰਗੀਤਾ ਨੇ ਲਗਨ ਅਤੇ ਸ਼ਰਧਾ ਨਾਲ ਹਰਜਿੰਦਰ ਨੂੰ ਸੰਭਲਾਣ ਦੇ ਉਹ ਸਾਰੇ ਕੰਮ ਕਰਨੇ ਆਰੰਭ ਕਰ ਦਿੱਤੇ ਜੋ ਨਿੱਜੀ ਸੰਭਾਲ ਵਿੱਚ ਸਿਖਲਾਈ ਯੁਕਤ ਹਸਪਤਾਲ ਸਟਾਫ (trained personal care staff ) ਕਰ ਸਕਦਾ ਹੈ। ਡਾਕਟਰਾਂ, ਫਿਜ਼ੀਓ-ਥੈਰਪਿਸਟਾਂ ਅਤੇ ਨਰਸਾਂ ਦੀ ਟੀਮ ਨੇ ਸੰਗੀਤਾ ਸ਼ਰਮਾ ਦੀ ਲਗਨ ਅਤੇ ਪੁਖਤਗੀ ਵੇਖ ਕੇ ਆਖ਼ਰ ਨੂੰ ਇਜ਼ਾਜਤ ਦੇ ਦਿੱਤੀ ਕਿ ਉਹ ਬਿਨਾ ਕਿਸੇ ਮੈਡੀਕਲ ਨਿਗਰਾਨੀ ਤੋਂ ਆਪਣੇ ਪਤੀ ਦੀ ਸੇਵਾ ਕਰ ਸਕਦੀ ਹੈ। ਸੰਗੀਤਾ ਸ਼ਰਮਾ ਵਾਸਤੇ ਇਹ ਇੱਕ ਵੱਡੀ ਜਿੱਤ ਸੀ।

ਇਸਤੋਂ ਬਾਅਦ ਇੱਕ ਹੋਰ ਜੰਗ ਸੀ ਜੋ ਉਸਨੂੰ ਜਿੱਤਣ ਲਈ ਤਿਆਰ ਹੋਣਾ ਪਿਆ। ਸੰਗੀਤਾ ਨੇ ਜਲਦੀ ਹੀ ਅਹਿਸਾਸ ਕਰ ਲਿਆ ਕਿ ਬੇਸ਼ੱਕ ਮੁੱਖ ਧਾਰਾ ਦੀ ਇਲਾਜ ਪੱਧਤੀ (mainstream treatment) ਹਰਜਿੰਦਰ ਦੀ ਬਿਹਤਰੀ ਵਾਸਤੇ ਕੁੱਝ ਵੀ ਕਰਨ ਤੋਂ ਇਨਕਾਰੀ ਹੈ ਪਰ ਗੈਰ-ਰਿਵਾਇਤੀ ਅਤੇ ਬਦਲਵੀ ਸਿਹਤ ਸੰਭਾਲ ਪੱਧਤੀ (non-traditional and alternative health care) ਜਿਵੇਂ ਕਿ ਹੋਮੀਓਪੈਥੀ ਅਤੇ ਐਕਿਊਪਰੈਸ਼ਰ ਦੀ ਮਦਦ ਲੈਣੀ ਬਹੁਤ ਲੋੜੀਂਦੀ ਹੈ। ਰੁਕਾਵਟ ਫੇਰ ਹਸਪਤਾਲ ਸਿਸਟਮ ਸੀ ਜੋ ਪ੍ਰਾਈਵੇਟ ਸਿਹਤ ਸੇਵਾ ਨੂੰ ਆਪਣੀ ਚਾਰ ਦਿਵਾਰੀ ਵਿੱਚ ਪ੍ਰੈਕਟਿਸ ਕਰਨ ਦੀ ਇਜ਼ਾਜਤ ਨਹੀਂ ਦੇਂਦਾ। ਸੰਗੀਤਾ ਨੇ ਮੁੜ ਆਪਣੇ ਮਨੋਬਲ ਦੇ ਹਥਿਆਰ ਤਿੱਖੇ ਕੀਤੇ ਅਤੇ ਹਰ ਪੱਧਰ ਉੱਤੇ ਤਰਕ ਨਾਲ ਸਿਸਟਮ ਨੂੰ ਇਹ

ਮੰਨਣ ਲਈ ਰਾਜੀ ਕਰ ਲਿਆ ਕਿ ਜਿਸ ਵਿਅਕਤੀ ਨੂੰ ਤੁਸੀਂ 'ਹਯਾਤੀ ਵਿਹਾ ਚੁੱਕਿਆ ਸਮਝ ਕੇ ਪਿੱਛੇ ਹੱਟ ਚੁੱਕਿਆ ਹੈ, ਉਸ ਵਾਸਤੇ ਹਰ ਕਿਸਮ ਦੀ ਚਾਰਾਜੋਈ ਕਰਨਾ ਸੰਗੀਆ ਦਾ ਇਖਲਾਕੀ ਫਰਜ਼ ਹੀ ਨਹੀਂ ਸਗੋਂ ਕਾਨੂੰਨੀ ਹੱਕ ਹੈ। ਇੰਝ ਹਰਜਿੰਦਰ ਸ਼ਰਮਾ ਸ਼ਾਇਦ ਪੀਲ ਖੇਤਰ ਵਿੱਚ ਪਹਿਲਾ ਮਰੀਜ਼ ਬਣਿਆ ਜਿਸ ਵਾਸਤੇ ਬਰੈਂਪਟਨ ਸਿਵਲ ਹਸਪਤਾਲ ਨੇ ਬਾਹਰ ਤੋਂ ਆਏ 'ਹੈਲਥ ਕੇਅਰ ਪ੍ਰੋਫੈਸ਼ਨਲਾਂ' ਨੂੰ ਇਲਾਜ ਕਰਨ ਦੀ ਆਗਿਆ ਦਿੱਤੀ।

## ਮਿਸੀਸਾਗਾ ਮਾਲਟਨ ਲਿਬਰਲ ਨੌਮੀਨੇਸ਼ਨ 'ਤੇ ਐਨਡੀਪੀ ਨੇ ਕੀਤੇ ਸਵਾਲ

...ਪੰਨਾ 1 ਦਾ ਬਾਕੀ

ਇਹ ਈਮੇਲਜ਼ ਮੈਂਬਰਜ਼ ਦੀਆਂ ਨਹੀ ਸਨ ਸਗੋਂ ਉਨ੍ਹਾਂ ਨੂੰ ਤਿਆਰ ਕੀਤਾ ਗਿਆ। ਉਨ੍ਹਾਂ ਅੱਗੇ ਲਿਖਿਆ ਕਿ ਓਐਲਪੀ ਨੂੰ ਇਸ ਤਰ੍ਹਾਂ ਦੇ ਗੈਰਕਾਨੂੰਨੀ ਢੰਗ ਤਰੀਕਿਆਂ ਨਾਲ ਅਜਿਹੀਆਂ ਮੁਜਰਮਾਨਾਂ ਗਤੀਵਿਧੀਆਂ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ।
ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਤੁਹਾਡੀ ਹੀ ਪਾਰਟੀ ਦਾ ਅਧਿਕਾਰੀ ਤੁਹਾਡੀ ਪਾਰਟੀ ਦੀ ਨੌਮੀਨੇਸ਼ਨ ਉਤੇ ਇਤਰਾਜ਼ ਉਠਾ ਰਿਹਾ ਹੈ। ਇਨ੍ਹਾਂ ਬਾਰੇ ਕੈਨੇਡੀਅਨ ਪੰਜਾਬੀ ਪੋਸਟ ਪਹਿਲਾਂ ਹੀ ਰਿਪੋਰਟ ਪ੍ਰਕਾਸ਼ਿਤ ਕਰ ਚੁੱਕਿਆ ਹੈ। ਇਸ ਰਿਪੋਰਟ ਦਾ ਤਰਜਮਾ ਹੀ ਅੱਜ ਕੁਈਨਜ਼ ਪਾਰਕ ਵਿੱਚ ਕੀਤਾ ਗਿਆ। ਪਰ ਤੁਹਾਡੀ ਪਾਰਟੀ ਵੱਲੋਂ ਕੋਈ ਤਸੱਲੀਬਖਸ਼ ਕਾਰਵਾਈ ਅਜੇ ਤੱਕ ਨਹੀਂ ਕੀਤੀ ਗਈ ਹੈ। ਉਨ੍ਹਾਂ ਹੀ ਪਾਰਟੀ ਅਧਿਕਾਰੀਆਂ ਵੱਲੋਂ ਅੰਦਰੂਨੀ ਜਾਂਚ ਤੋਂ ਇੰਜ ਲੱਗਦਾ ਹੈ ਕਿ ਇਨ੍ਹਾਂ ਦੋਸ਼ਾਂ ਨੂੰ ਅੱਖੋਂ ਪਰੋਖੇ ਕਰ ਦਿੱਤਾ ਗਿਆ ਹੈ। ਅਜਿਹੇ ਮਾਮਲਿਆਂ ਦੀ ਆਜ਼ਾਦਾਨਾ ਤੇ ਪਾਰਦਰਸ਼ੀ ਜਾਂਚ ਕਰਵਾਈ ਜਾਣੀ ਬੇਹੱਦ ਜ਼ਰੂਰੀ ਹੈ ਤੇ ਸਾਡੇ ਵੱਲੋਂ ਇਹ ਜਾਂਚ ਜਲਦ ਕਰਵਾਏ ਜਾਣ ਦੀ ਮੰਗ ਕੀਤੀ ਜਾਂਦੀ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਫੈਡਰਲ ਐਮਪੀ ਨਵਦੀਪ ਬੈਂਸ ਲਈ ਕੰਮ ਕਰਨ ਵਾਲੇ ਕਮਿਊਨਿਟੀ ਵਾਲੰਟੀਅਰ ਅਮਨ ਗਿੱਲ ਨੇ ਚਾਰ ਹੋਰ ਰਸੂਖਦਾਰ ਉਮੀਦਵਾਰ ਨੂੰ 26 ਸਤੰਬਰ ਨੂੰ ਹੋਇਆ ਨਾਮਜ਼ਦਗੀ ਚੋਣਾਂ ਵਿੱਚ ਹਰਾ ਕੇ ਜਿੱਤ ਹਾਸਲ ਕੀਤੀ ਸੀ। ਪਰ ਦੋ ਉਮੀਦਵਾਰਾਂ ਵੱਲੋਂ ਇਸ ਨਾਮਜ਼ਦਗੀ ਚੋਣਾਂ ਵਿੱਚ ਹੋਈਆਂ ਬੇਨਿਯਮੀਆਂ ਦਾ ਮੁੱਦਾ ਆਪਣੇ ਸੀਨੀਅਰਜ਼ ਕੋਲ ਉਠਾਇਆ ਗਿਆ ਸੀ। ਉਮੀਦਵਾਰ ਮਨੂ ਦੱਤਾ ਤੇ ਰਾਈਡਿੰਗ ਦੇ ਪ੍ਰੈਜ਼ੀਡੈਂਟ ਜਸਵੰਤ ਮਾਂਗਟ ਨੇ ਇਨ੍ਹਾਂ ਧਾਂਦਲੀਆਂ ਬਾਰੇ ਆਵਾਜ਼ ਉਠਾਈ ਸੀ ਪਰ ਇੱਧਰ ਕੋਈ ਬਹੁਤੀ ਤਵੱਜੋ ਨਹੀਂ ਦਿੱਤੀ ਗਈ। ਸਗੋਂ ਓਐਲਪੀ ਦੇ ਚੀਫ ਲੀਗਲ ਕਾਉਂਸਲ ਮਿਲਟਨ ਚੈਨ ਨੇ ਇਹ ਆਖ ਕੇ ਪੱਲਾ ਛੁਡਾਉਣ ਦੀ ਕੋਸ਼ਿਸ਼ ਕੀਤੀ ਕਿ ਇਨ੍ਹਾਂ ਬੇਨਿਯਮੀਆਂ ਨੂੰ ਪਹਿਲਾਂ ਪਾਰਟੀ ਦੇ ਧਿਆਨ ਵਿੱਚ ਲਿਆਉਣਾ ਚਾਹੀਦਾ ਸੀ। ਇਸ ਤਰ੍ਹਾਂ ਖਹਿੜਾ ਛੁਡਾਉਣ ਵਾਲੀ ਬਿਆਨਬਾਜ਼ੀ ਸਵੀਕਾਰ ਨਹੀਂ ਕੀਤੀ ਜਾ ਸਕਦੀ। ਪਰ



ਲਿਬਰਲ ਪਾਰਟੀ ਆਫ ਕੈਨੇਡਾ, ਓਨਟਾਰੀਓ ਪੀਲ ਰੀਜਨ ਦੇ ਚੇਅਰ ਪੰਕਜ ਸੰਧੂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਨਾਲ।



From: [redacted]
Date: September 24, 2020 at 7:43:43 PM EDT
To: [illegible]
Subject: Fwd: Ontario Liberal Party Nomination, Mississauga-Malton

Sent from my iPhone

Begin forwarded message:

From: Voter Info <voterinfo@intelivote.com>
Date: September 23, 2020 at 5:12:54 PM EDT
To: [redacted]
Subject: Ontario Liberal Party Nomination, Mississauga-Malton

ਪਤਾ ਲੱਗਿਆ ਹੈ ਕਿ ਓਨਟਾਰੀਓ ਦੀ ਲਿਬਰਲ ਪਾਰਟੀ ਵੱਲੋਂ ਮਿਸੀਸਾਗਾ-ਮਾਲਟਨ ਨੌਮੀਨੇਸ਼ਨ ਕਾਂਟੈਸਟ ਵਿੱਚ ਕਥਿਤ ਤੌਰ ਉੱਤੇ ਹੋਏ ਫਰਾਡ ਦੀ ਹੁਣ ਜਾਂਚ ਕੀਤੀ ਜਾ ਰਹੀ ਹੈ।

ਨੌਮਨੇਸ਼ਨ ਤੋਂ ਬਾਅਦ ਪੰਜਾਬੀ ਪੋਸਟ ਅਖਬਾਰ ਨੇ ਵੱਖ-ਵੱਖ ਉਮੀਦਵਾਰਾਂ ਦੇ ਸੁਪੋਰਟਰਾਂ ਨਾਲ ਗੱਲਬਾਤ ਕੀਤੀ ਸੀ ਅਤੇ ਮਿਸੀਸਾਗਾ ਮਾਲਟਨ ਦੇ ਲਿਬਰਲ ਮੈਂਬਰਾਂ ਵਲੋਂ ਇਕ ਕੰਪੇਨ ਦੇ ਕੁੱਝ ਹਿਮਾਇਤੀਆਂ ਉਤੇ ਦੋਸ਼ ਲਗਾਏ ਗਏ ਸਨ ਕਿ ਉਹ ਤਾਂ ਸਾਡੀ ਵੋਟਰ ਆਈ.ਡੀ. ਵਾਲੀ ਈਮੇਲ ਆਪਣੀ ਈਮੇਲ ਉਤੇ ਫਾਰਵਰਡ ਕਰਕੇ ਚਲੇ ਗਏ ਹਨ ਤੇ ਉਨ੍ਹਾਂ ਨੇ ਹੀ ਸਾਡੇ ਬੀਹਾਫ ਉਤੇ ਵੋਟ ਪਾਉਣੀ ਹੈ। ਜਦੋ ਪੰਜਾਬੀ ਪੋਸਟ ਦੇ ਪੱਤਰਕਾਰਾਂ ਵਲੋਂ ਇਸ ਬਾਰੇ ਜਾਂਚ ਕੀਤੀ ਗਈ ਤਾਂ ਪਤਾ ਲੱਗਾ ਕਿ ਇਕ ਵਿਅਕਤੀ, ਜੋ ਕਿ ਪੀਲ ਰੀਜਨ ਵਿਚ ਫੈਡਰਲ ਲਿਬਰਲ ਪਾਰਟੀ ਦਾ ਵੀ ਅਧਿਕਾਰੀ ਹੈ ਅਤੇ ਨਾਲ ਦੀ ਨਾਲ ਮਿਸੀਸਾਗਾ ਹਲਕੇ ਤੋ ਲਿਬਰਲ ਪਾਰਟੀ ਦੀ ਐਸੋਸੀਏਸ਼ਨ ਦਾ ਵੀ ਅਹੁਦੇਦਾਰ ਹੈ, ਵਲੋਂ ਕਈ ਵੋਟਰਾਂ ਨਾਲ ਅਜਿਹਾ ਕੀਤਾ ਗਿਆ। ਜਾਂਚ ਕਰਨ ਤੋਂ ਬਾਅਦ ਇਸ ਵਿਅਕਤੀ ਦੀ ਪਹਿਚਾਣ ਪੰਕਜ ਸੰਧੂ ਵਜੋਂ ਹੋਈ। ਜਦੋ ਸਾਡੇ ਵਲੋਂ ਪੰਕਜ ਸੰਧੂ ਨਾਲ ਸੰਪਰਕ ਕੀਤਾ ਗਿਆ ਤਾਂ ਸਵਾਲ ਦਾ ਜਵਾਬ ਦੇਣ ਦੀ ਬਜਾਏ ਉਸ ਨੇ ਫੋਨ ਕੱਟ ਦਿੱਤਾ ਤੇ ਕਦੇ ਵੀ ਸਾਡੇ ਟੈਕਸਟ ਮੈਸੇਜ ਦਾ ਜਵਾਬ ਨਹੀ ਦਿੱਤਾ। ਓਂਟਾਰੀਓ ਲਿਬਰਲ ਪਾਰਟੀ ਵਲੋਂ ਵੋਟਾਂ ਪਾਉਣ ਲਈ ਭੇਜੀ ਗਈ ਪਿਨ ਕੋਡ ਵਾਲੀ ਈਮੇਲ ਕਿਸ ਤਰ੍ਹਾਂ ਦੂਜੀਆਂ ਈਮੇਲਾਂ ਉਤੇ ਫਾਰਵਰਡ ਕੀਤੀ ਗਈ, ਉਸ ਦੀ ਇਕ ਫੋਟੋਕਾਪੀ ਅਸੀ ਛਾਪ ਰਹੇ ਹਾਂ। ਇਥੇ ਦੱਸਣਾ ਬਣਦਾ ਹੈ ਕਿ ਅਜਿਹਾ ਕਰਨਾ ਕ੍ਰੀਮੀਨਲ ਅਫੈਂਸ ਹੈ ਅਤੇ ਇਕ ਉਮੀਦਵਾਰ ਇਨ੍ਹਾਂ ਸਬੂਤਾਂ ਨੂੰ ਲੈ ਕੇ ਪੁਲਸ ਰਿਪੋਰਟ ਵੀ ਦਰਜ ਕਰਵਾਉਣ ਜਾ ਰਿਹਾ ਹੈ।

## ਦੂਜੇ ਲਾਕਡਾਊਨ ਕਾਰਨ ਓਨਟਾਰੀਓ ਨੂੰ ਪੈ ਸਕਦਾ ਹੈ 39 ਬਿਲੀਅਨ ਡਾਲਰ ਦਾ ਘਾਟਾ

...ਪੰਨਾ 1 ਦਾ ਬਾਕੀ

ਅੱਜ ਜਾਰੀ ਕੀਤੀ ਗਈ ਰਿਪੋਰਟ ਵਿਚ ਏਜੰਸੀ ਨੇ ਇਹ ਪੇਸ਼ੀਨਿਗੋਈ ਵੀ ਕੀਤੀ ਕਿ ਓਨਟਾਰੀਓ ਨੂੰ 2020-21 ਵਿਚ 37.2 ਬਿਲੀਅਨ ਘਾਟੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪਰ ਇਹ ਵੀ ਆਖਿਆ ਗਿਆ ਕਿ ਪ੍ਰੋਵਿੰਸ ਵੱਲੋਂ ਅਜੇ ਪ੍ਰੋਗਰਾਮ ਸਪੈਂਡਿੰਗ ਦੇ ਸਬੰਧ ਵਿਚ 9 ਬਿਲੀਅਨ ਡਾਲਰ ਤੋਂ ਵੱਧ ਵੰਡੇ ਜਾਣੇ ਹਨ ਤੇ ਜੇ ਇਹ ਰਕਮ ਅਣਵਰਤਿਆ ਰਹਿ ਜਾਂਦਾ ਹੈ ਤਾਂ ਇਸ ਨਾਲ ਘਾਟੇ ਵਿੱਚ ਹੀ ਕਮੀ ਆਵੇਗੀ। ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਉਨ੍ਹਾਂ ਦੀ ਯੋਜਨਾ ਇਸ ਰਕਮ ਨੂੰ ਖਰਚ ਕਰਨ ਦੀ ਹੈ। ਪਰ ਉਹ ਅਰਥਚਾਰੇ ਨੂੰ ਹੁਲਾਰਾ ਦੇ ਕੇ ਘਾਟੇ ਨੂੰ ਪੂਰਾ ਕਰਨ ਦਾ ਇਰਾਦਾ ਰੱਖਦੇ ਹਨ। ਉਨ੍ਹਾਂ ਇਹ ਵੀ ਆਖਿਆ ਕਿ ਮਹਾਂਮਾਰੀ ਕਾਰਨ 2023-24 ਤੱਕ ਬਜਟ ਨੂੰ ਸੰਤੁਲਿਤ ਕਰਨ ਦੀ ਉਨ੍ਹਾਂ ਦੀ ਸਰਕਾਰ ਦੀ ਕੋਈ ਯੋਜਨਾ ਨਹੀ ਹੈ।

## ਦਾਦੀ ਦੀ ਮੌਤ 'ਤੇ ਮੁੰਡਣ ਕਰਾਉਣ ਆਇਆ ਪੋਤਾ ਦਰਿਆ ਵਿੱਚ ਰੁੜ੍ਹਿਆ

ਫਿਲੌਰ, 15 ਅਕਤੂਬਰ (ਪੋਸਟ ਬਿਊਰੋ)- ਆਪਣੀ ਦਾਦੀ ਦੀ ਮੌਤ ਦੇ ਬਾਅਦ ਮੁੰਡਨ ਕਰਵਾਉਣ ਆਇਆ 25 ਸਾਲ ਦਾ ਪੋਤਰਾ ਕ੍ਰਿਸ਼ਨ ਕੁਮਾਰ ਸਵੇਰੇ 11 ਵਜੇ ਸਤਲੁਜ ਦਰਿਆ ਦੇ ਪਾਣੀ ਵਿੱਚ ਰੁੜ੍ਹ ਗਿਆ। ਮ੍ਰਿਤਕ ਦੇ ਪਰਵਾਰ ਨੇ ਦੱਸਿਆ ਕਿ 25 ਸਾਲਾ ਕ੍ਰਿਸ਼ਨ ਕੁਮਾਰ ਦੀ ਦਾਦੀ ਦੀ ਕੁਝ ਦਿਨ ਪਹਿਲਾਂ ਮੌਤ ਹੋ ਗਈ ਸੀ। ਪਰਵਾਰਕ ਰਸਮ ਮੁਤਾਬਕ ਦਾਦੀ ਦੀ ਮੌਤ ਦੇ ਬਾਅਦ ਪੋਤਰੇ ਦੇ ਮੁੰਡਣ ਕਰਵਾਉਣੇ ਹੁੰਦੇ ਹਨ। ਇਸ ਕਾਰਨ ਕ੍ਰਿਸ਼ਨ ਪਰਵਾਰ ਦੇ 10-12 ਮੈਂਬਰਾਂ ਨਾਲ ਸਵੇਰੇ ਕਰੀਬ 11 ਵਜੇ ਦਰਿਆ ਕੰਢੇ ਪਹੁੰਚਿਆ। ਮੁੰਡਣ ਦੇ ਬਾਅਦ ਜਦੋਂਦਰਿਆ ਵਿੱਚ ਡੁਬਕੀ ਲਾਉਣ ਲੱਗਾ ਤਾਂ ਤੇਜ਼ ਵਹਾਅ ਵਿੱਚ ਰੁੜ੍ਹ ਗਿਆ। ਪਰਵਾਰ ਵਾਲੇ ਉਸ ਨੂੰ ਬਚਾਉਣ ਨੂੰ ਰੌਲਾ ਪਾਉਂਦੇ ਰਹੇ, ਪਰ ਉਹ ਇੱਕ ਵਾਰ ਹੀ ਪਾਣੀ ਦੇ ਉਪਰ ਆ ਸਕਿਆ। ਉਸ ਦੇ ਬਾਅਦ ਉਸ ਦਾ ਕੁਝ ਪਤਾ ਨਹੀਂ ਲੱਗ ਸਕਿਆ। ਪੁਲਸ ਨੂੰ ਸੂਚਨਾ ਮਿਲਣ ਦੇ ਬਾਅਦ ਛੇ ਗੋਤਾ ਖੋਰ ਬੁਲਾਏ ਗਏ, ਜੋ ਦੇਰ ਸ਼ਾਮ ਤੱਕ ਕ੍ਰਿਸ਼ਨ ਨੂੰ ਲੱਭਣ ਦੀ ਕੋਸ਼ਿਸ਼ ਕਰਦੇ ਰਹੇ।

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ
*ਵਧੀਆ ਘੰਟੇ
*15.50 ਡਾਲਰ ਪ੍ਰਤੀ ਘੰਟਾ ਰੇਟ
Locahon Kipling & Queensway (Etobicoke)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
416-816-1695

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

Founder Editor: Jagdish Singh Grewal
Managing Director: Parminder Kaur Grewal
Contributing Editors: Gyan Singh; Angrej Singh
Office Admin: Priya Dhillon
Graphic Designer: Priya Dhillon
Photographer: Kanwaljit Singh Kanwal
Distributer: Aman Warraich

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਮੈਂਗ ਨੂੰ ਰਿਹਾਅ ਕਰਨ ਨਾਲ ਸੁਧਰ ਸਕਦੇ ਹਨ ਕੈਨੇਡਾ ਤੇ ਚੀਨ ਦੇ ਸਬੰਧ : ਕੌਂਗ

...ਪੰਨਾ 1 ਦਾ ਬਾਕੀ

ਚੀਨ ਤੇ ਕੈਨੇਡਾ ਦਰਮਿਆਨ ਡਿਪਲੋਮੈਟਿਕ ਸਬੰਧਾਂ ਦੀ 50ਵੀਂ ਵਰ੍ਹੇਗੰਢ ਮੌਕੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੌਂਗ ਨੇ ਲਗਾਤਾਰ ਇਸ ਗੱਲ ਤੋਂ ਇਨਕਾਰ ਕੀਤਾ ਕਿ ਕੈਨੇਡੀਅਨ ਮਾਈਕਲ ਕੋਵਰਿਗ ਤੇ ਮਾਈਕਲ ਸਪੇਵਰ ਨੂੰ ਚੀਨ ਵਿੱਚ ਨਜ਼ਰਬੰਦ ਕਰਕੇ ਰੱਖਣਾ ਕੈਨੇਡਾ ਵੱਲੋਂ ਮੈਂਗ ਦੀ ਕੀਤੀ ਗਈ ਗ੍ਰਿਫਤਾਰੀ ਨਾਲ ਸਬੰਧਤ ਹੈ।
ਕੈਨੇਡਾ ਦਾ ਕਹਿਣਾ ਹੈ ਕਿ ਮੈਂਗ ਦੀ ਗ੍ਰਿਫਤਾਰੀ ਤੋਂ ਬਾਅਦ ਦੋਵਾਂ ਮਾਈਕਲਜ਼ ਨੂੰ ਨਜ਼ਰਬੰਦ ਕੀਤਾ ਜਾਣਾ ਚੀਨ ਦੀਆਂ ਮਨਮਰਜ਼ੀਆਂ ਨੂੰ ਦਰਸਾਉਂਦਾ ਹੈ ਪਰ ਚੀਨ ਦਾ ਕਹਿਣਾ ਹੈ ਕਿ ਮੈਂਗ ਨੂੰ ਨਜ਼ਰਬੰਦ ਕੀਤਾ ਜਾਣਾ ਕੈਨੇਡਾ ਦੀ ਮਨਮਰਜ਼ੀ ਦਰਸਾਉਂਦਾ ਹੈ। ਕੌਂਗ ਨੇ ਆਖਿਆ ਕਿ ਦੋਵੇਂ ਮਾਮਲੇ ਇੱਕ ਦੂਜੇ ਨਾਲ ਜੁੜੇ ਹੋਏ ਨਹੀਂ ਹਨ। ਉਨ੍ਹਾਂ ਇਹ ਵੀ ਆਖਿਆ ਕਿ ਕੈਨੇਡਾ ਸਹੀ ਸਮੇਂ ਉੱਤੇ ਸਹੀ ਫੈਸਲਾ ਕਰਕੇ ਕੈਨੇਡਾ ਤੇ ਚੀਨ ਦੇ ਸਬੰਧਾਂ ਨੂੰ ਮੁੜ ਲੀਹ ਉੱਤੇ ਲਿਆ ਸਕਦਾ ਹੈ।

## ਅਗਲੇ ਮਹੀਨੇ ਤੋਂ ਓਨਟਾਰੀਓ ਵਾਸੀਆਂ ਲਈ ਹਾਈਡਰੋ ਦਰਾਂ ਵਿੱਚ ਹੋਵੇਗਾ ਵਾਧਾ

...ਪੰਨਾ 1 ਦਾ ਬਾਕੀ

ਪ੍ਰੋਵਿੰਸ ਨੇ ਨਵੰਬਰ ਲਈ ਵਰਤੋਂ ਦੇ ਸਮੇਂ ਦੇ ਹਿਸਾਬ ਨਾਲ ਨਵੀਆਂ ਦਰਾਂ ਜਾਰੀ ਕੀਤੀਆਂ ਤੇ ਆਖਿਆ ਕਿ ਹਰ ਮਹੀਨੇ 700 ਕਿਲੋਵਾਟ ਪ੍ਰਤੀ ਘੰਟਾਂ ਵਰਤਣ ਵਾਲੇ ਰੈਜ਼ੀਡੈਂਸ਼ੀਅਲ ਕਸਟਮਰ ਦੇ ਬਿੱਲ ਵਿੱਚ 2.24 ਡਾਲਰ ਦਾ ਔਸਤ ਵਾਧਾ ਹੋਵੇਗਾ। ਓਨਟਾਰੀਓ ਐਨਰਜੀ ਬੋਰਡ (ਓਈਬੀ) ਦਾ ਕਹਿਣਾ ਹੈ ਕਿ ਸਰਕਾਰ ਵੱਲੋਂ 32.2 ਫੀ ਸਦੀ ਓਨਟਾਰੀਓ ਇਲੈਕਟ੍ਰਿਸਿਟੀ ਛੋਟ ਦਿੱਤੇ ਜਾਣ ਦੇ ਬਾਵਜੂਦ ਇਹ ਦਰਾਂ ਹੋਣਗੀਆਂ।

- ਆਫ ਪੀਕ ਘੰਟਿਆਂ, ਜੋ ਕਿ ਰਾਤੀ 7:00 ਵਜੇ ਤੋਂ ਸਵੇਰੇ 7:00 ਵਜੇ ਤੱਕ ਬਣਦੇ ਹਨ, ਦੌਰਾਨ ਇਹ ਦਰਾਂ 10.4 ਸੈਂਟਸ ਪ੍ਰਤੀ ਕਿਲੋਵਾਟ ਘੰਟਾ ਹੋਣਗੀਆਂ।
- ਮਿੱਡ ਪੀਕ ਘੰਟਿਆਂ, ਜੋ ਕਿ ਸਵੇਰੇ 11:00 ਵਜੇ ਤੋਂ ਸ਼ਾਮੀ 5:00 ਵਜੇ ਤੱਕ ਬਣਦੇ ਹਨ, ਦੌਰਾਨ ਇਹ ਦਰਾਂ 15 ਸੈਂਟਸ ਪ੍ਰਤੀ ਕਿਲੋਵਾਟ ਘੰਟਾ ਹੋਣਗੀਆਂ।
- ਆਨ ਪੀਕ ਘੰਟਿਆਂ, ਜੋ ਕਿ ਸਵੇਰੇ 7:00 ਵਜੇ ਤੋਂ 11:00 ਵਜੇ ਤੱਕ ਬਣਦੇ ਹਨ, ਦੌਰਾਨ ਇਹ ਦਰਾਂ 21.7 ਸੈਂਟਸ ਪ੍ਰਤੀ ਕਿਲੋਵਾਟ ਘੰਟਾ ਹੋਣਗੀਆਂ।

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada Every Saturday 1:00 pm to 1:30 pm EST 10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648


PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰ੍ਹਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8


ਸਿੰਘ ਸਾਹਿਬ ਗਿਆਨੀ ਸੁੱਖਜਿੰਦਰ ਸਿੰਘ ਜੀ
ਗਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ
(ਵਿਦਿਆਰਥੀ ਦਮਦਮੀ ਟਕਸਾਲ)
ਅਤੇ
ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ
(ਸਾਬਕਾ ਜੱਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ)
(ਵਿਦਿਆਰਥੀ ਦਮਦਮੀ ਟਕਸਾਲ)
ਸ਼ਰਧਾਂਜ਼ਲੀ ਸਮਾਗਮ
16 ਅਕਤੂਬਰ 2020 ਦਿਨ ਸ਼ੁਕਰਵਾਰ
ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ ............ 1:00 ਵਜੇ
18 ਅਕਤੂਬਰ 2020 ਦਿਨ ਐਤਵਾਰ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ ........ 1:00 ਤੋਂ 3:00 ਵੱਜੇ
ਕੀਰਤਨ ਦਰਬਾਰ ਸਮਾਗਮ
ਵੱਲੋਂ ਕੈਨੇਡੀਅਨ ਸਿੱਖ ਯੂਥ
17 ਅਕਤੂਬਰ 2020 ਦਿਨ ਸ਼ਨੀਵਾਰ
ਕੀਰਤਨ ਦਰਬਾਰ ਸ਼ਾਮ 6 ਵੱਜੇ ਤੋਂ ਰਾਤ 9 ਵੱਜੇ ਤੱਕ
ਸਥਾਨ : ਗੁਰਦੁਆਰਾ ਜੋਤ ਪ੍ਰਕਾਸ਼ ਸਾਹਿਬ ਟੋਰਾਂਟੋ
135 Sun Pac Blvd, Brampton, ON L6S 5Z6
ਵਧੇਰੇ ਜਾਣਕਾਰੀ ਲਈ 905.790.1415 ਅਤੇ 647.965.6300
ਜਾਰੀ ਕਰਤਾ: ਦਮਦਮੀ ਟਕਸਾਲ, ਗੁਰਦੁਆਰਾ ਜੋਤ ਪ੍ਰਕਾਸ਼ ਸਾਹਿਬ ਅਤੇ ਸੇਵਾ ਚੈਰੀਟੇਬਲ ਮਿਸ਼ਨਰੀ ਸੁਸਾਇਟੀ, ਟੋਰਾਂਟੋ
ਸੇਵਾ ਸ੍ਰੀ ਅੰਖਡ ਪਾਠ ਸਾਹਿਬ ਜੀ - ਸਮੂਹ ਵਿਦਿਆਰਥੀ ਜੱਥੇਦਾਰ ਸਿੰਘ ਸਾਹਿਬ ਜਸਵੰਤ ਸਿੰਘ ਜੀ

# ਆਮ-ਰਾਏ ਦੇ ਅਹਿਸਾਸ ਤੋਂ ਸੱਖਣਾ ਹੁੰਦਾ ਜਾਂਦਾ ਭਾਰਤ ਦੇਸ਼ ਦਾ ਲੋਕ-ਤੰਤਰ



ਜਤਿੰਦਰ ਪੰਨੂ

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜੰਗਲਾਂ ਤੋਂ ਆਣ ਕੇ ਜਦੋਂ ਇਨਸਾਨ ਬਸਤੀਆਂ ਵਿੱਚ ਆਬਾਦ ਹੋਇਆ ਸੀ ਅਤੇ ਝੁੰਡਾਂ ਦੀ ਚੌਧਰ ਤੋਂ ਰਾਜਾਂ ਅਤੇ ਰਾਜਿਆਂ ਦਾ ਯੁੱਗ ਤੁਰਿਆ ਸੀ, ਓਦੋਂ ਤੋਂ ਰਾਜ ਕਾਇਮ ਰੱਖਣ ਵਾਸਤੇ ਤਾਕਤ ਦੀ ਵਰਤੋਂ ਹੁੰਦੀ ਰਹੀ ਹੈ। ਜਿਹੜੇ ਰਾਜੇ ਬਹੁਤ ਨਰਮ-ਦਿਲ ਅਤੇ ਲੋਕ-ਹਿੱਤੂ ਹੋਣ ਵਜੋਂ ਇਤਹਾਸ ਵਿੱਚ ਦਰਜ ਹਨ, ਉਹ ਵੀ ਇੱਕ ਵਕਤ ਤੱਕ ਆਪਣੀ ਤਾਕਤ ਦਾ ਅਹਿਸਾਸ ਕਰਵਾ ਚੁੱਕਣ ਦੇ ਬਾਅਦ ਹੀ ਨਰਮ-ਦਿਲ ਵਜੋਂ ਵਿਹਾਰ ਕਰਨ ਲੱਗੇ ਸਨ ਤੇ 'ਅਸ਼ੋਕ ਮਹਾਨ' ਵਰਗਾ ਅਮਨ ਦਾ ਪੁਜਾਰੀ ਵੀ ਕਾਲਿੰਗਾ ਦੀ ਲੜਾਈ ਦੌਰਾਨ ਖੂਨ ਦੀਆਂ ਨਦੀਆਂ ਵਗਾ ਚੁੱਕਣ ਪਿੱਛੋਂ ਹੀ ਇਸ ਰਸਤੇ ਉੱਤੇ ਚੱਲਿਆ ਸੀ। ਇਸ ਤਰ੍ਹਾਂ ਮੁੱਢਲੇ ਸਮਿਆਂ ਤੋਂ ਰਾਜ ਲਈ ਤਾਕਤ ਦੀ ਵਰਤੋਂ ਹੁੰਦੀ ਆਈ ਹੈ। ਫਿਰ ਵੀ ਉਹ ਰਾਜਿਆਂ ਦੇ ਇੱਕ-ਅਧਿਕਾਰ ਦਾ ਯੁੱਗ ਸੀ, ਜਿਸ ਵਿੱਚ ਮੰਤਰੀ ਜਾਂ ਦਰਬਾਰੀ ਸਿਰਫ ਸਲਾਹ ਦੇਣ ਲਈ ਹੁੰਦੇ ਸਨ, ਉਨ੍ਹਾਂ ਦੀ ਰਾਏ ਮੰਨਣੀ ਰਾਜੇ ਲਈ ਜ਼ਰੂਰੀ ਨਹੀਂ ਸੀ ਹੁੰਦੀ। ਕਰਨੀ ਉਸ ਨੇ ਆਪਣੀ ਮਰਜ਼ੀ ਹੁੰਦੀ ਸੀ। ਅੱਜ ਵਾਲੇ ਸਮੇਂ ਵਿੱਚ ਜਿਹੜੇ ਦੇਸ਼ਾਂ ਵਿੱਚ ਰਾਜੇ ਅਤੇ ਰਾਜ ਅਜੇ ਤੱਕ ਕਾਇਮ ਹਨ, ਓਥੇ ਵੀ ਉਹ ਏਦਾਂ ਦੀ ਮੂੰਹੋਂ ਨਿਕਲੀ ਗੱਲ ਨੂੰ ਕਾਨੂੰਨ ਬਣਾ ਕੇ ਵਰਤਣ ਦੀ ਹੱਦ ਤੱਕ ਆਮ ਕਰ ਕੇ ਨਹੀਂ ਜਾਂਦੇ, ਵਿਰਲਾ-ਟਾਂਵਾਂ ਹੀ ਕੋਈ ਇਹ ਕੁਝ ਕਰ ਸਕਦਾ ਹੈ। ਬਾਕੀ ਦੇ ਸੰਸਾਰ ਵਿੱਚ ਇਸ ਵਕਤ ਵੱਖ-ਵੱਖ ਵੰਨਗੀਆਂ ਦਾ ਲੋਕ-ਰਾਜੀ ਪ੍ਰਬੰਧ ਚੱਲਦਾ ਹੈ, ਜਿਸ ਵਿੱਚ ਜਿੰਨੀਆਂ ਵੀ ਵੋਟਾਂ ਨਾਲ ਜਿੱਤ ਹੋਈ ਹੋਵੇ, ਰਾਜ ਕਰਨ ਵਾਲਿਆਂ ਨੂੰ ਆਪਣੇ ਦੇਸ਼ ਦੀ ਆਮ ਰਾਏ ਦਾ ਖਿਆਲ ਰੱਖਣਾ ਪੈਂਦਾ ਹੈ।

ਆਜ਼ਾਦੀ ਤੋਂ ਬਾਅਦ ਅਸੀਂ ਭਾਰਤ ਵਿੱਚ ਬਹੁਤ ਸਾਰੇ ਰਾਜ ਵੇਖੇ ਹਨ। ਪੰਡਿਤ ਜਵਾਹਰ ਲਾਲ ਨਹਿਰੂ ਬਾਰੇ ਆਮ ਪ੍ਰਭਾਵ ਸੀ ਕਿ ਉਹ ਆਮ ਰਾਏ ਨਾਲ ਚੱਲਦਾ ਸੀ। ਲਾਲ ਬਹਾਦਰ ਸ਼ਾਸਤਰੀ ਵੀ ਏਦਾਂ ਕਰਦਾ ਸੀ। ਇੰਦਰਾ ਗਾਂਧੀ ਏਦਾਂ ਦੀ ਆਮ ਰਾਏ ਵੇਖਣ ਦੀ ਥਾਂ ਧੌਂਸ ਦਾ ਯੁੱਗ ਸ਼ੁਰੂ ਕਰਨ ਵਾਲੀ ਕਹੀ ਜਾ ਸਕਦੀ ਹੈ, ਪਰ ਉਸ ਦੇ ਇਸ ਵਿਹਾਰ ਕਾਰਨ ਦੇਸ਼ ਵਿੱਚ ਐਮਰਜੈਂਸੀ ਲਾਉਣੀ ਪਈ ਸੀ ਅਤੇ ਸਿਰਫ ਪੰਜ ਸਾਲ ਪਹਿਲਾਂ ਬੰਗਲਾ ਦੇਸ਼ ਦੀ ਸ਼ਾਨਦਾਰ ਜਿੱਤ ਦੇ ਬਾਵਜੂਦ ਉਸ ਦੀ ਏਨੀ ਬੁਰੀ ਹਾਲਤ ਹੋਈ ਸੀ ਕਿ ਪਾਰਟੀ ਤਾਂ ਕੀ, ਉਹ ਆਪਣੀ ਸੀਟ ਵੀ ਹਾਰ ਗਈ ਸੀ। ਉਸ ਦਾ ਪੁੱਤਰ ਵੀ ਤੇ ਪੁੱਤਰ ਦੇ ਜੋੜੀਦਾਰ ਵੀ ਹਾਰ ਗਏ ਸਨ ਅਤੇ ਉੱਤਰੀ ਭਾਰਤ ਦੇ ਸਾਰੇ ਰਾਜਾਂ ਵਿੱਚ ਉਸ ਦੀ ਪਾਰਟੀ ਨੂੰ ਇਸ ਤਰ੍ਹਾਂ ਹੂੰਝਾ ਫਿਰ ਗਿਆ ਕਿ ਲੋਕਤੰਤਰ ਦੀ ਅਸਲੀ ਤਾਕਤ ਦੀ ਹਰ ਕਿਸੇ ਨੂੰ ਸਮਝ ਆ ਗਈ ਸੀ। ਓਦੋਂ ਪਿੱਛੋਂ ਕਿਸੇ ਹੋਰ ਲੀਡਰ ਨੇ ਆਮ ਰਾਏ ਨੂੰ ਅੱਖੋਂ ਪਰੋਖਾ ਨਹੀਂ ਸੀ ਕੀਤਾ। ਹੋਰ ਤਾਂ ਹੋਰ, ਅਟਲ ਬਿਹਾਰੀ ਵਾਜਪਾਈ ਸਰਕਾਰ ਬਣਨ ਦੇ ਬਾਅਦ ਜਿਵੇਂ ਸਮਝਿਆ ਜਾਂਦਾ ਸੀ ਕਿ ਆਮ ਰਾਏ ਦੀ ਕਦਰ ਨਹੀਂ ਰਹਿਣੀ, ਉਸ ਦੇ ਉਲਟ ਜਿੱਥੇ ਜਾਪਦਾ ਸੀ ਕਿ ਲੋਕ ਰਾਏ ਦੇ ਉਲਟ ਕਦਮ ਪੁੱਟੇ ਜਾ ਰਹੇ ਹਨ, ਵਾਜਪਾਈ ਵਰਗੇ ਆਗੂ ਨੂੰ ਵੀ ਪੈਰ ਪਿੱਛੇ ਖਿੱਚਣ ਵਿੱਚ ਝਿਜਕ ਨਹੀਂ ਸੀ ਹੁੰਦੀ।

ਅੱਜ ਦਾ ਭਾਰਤ ਇੱਕ ਨਵੇਂ ਦੌਰ ਵਿੱਚ ਦਾਖਲ ਹੋ ਚੁੱਕਾ ਹੈ। ਇਸ ਵਿੱਚ ਬਣੀਆਂ ਹੋਈਆਂ ਮਾਨਤਾਵਾਂ ਤੇ ਕਦਰਾਂ-ਕੀਮਤਾਂ ਦੇ ਥਾਂ ਇੱਕ ਆਗੂ ਦੀ ਮਰਜ਼ੀ ਪੁਗਾਉਣ ਲਈ ਸਾਰਾ ਤੰਤਰ ਟਿੱਲ ਲਾ ਦੇਂਦਾ ਹੈ। ਭਾਰਤ ਵਿੱਚ ਵਿਦੇਸ਼ੀ ਲੋਕ ਹੋਣ ਦਾ ਰੌਲਾ ਤਾਂ ਪੰਜਤਾਲੀ ਸਾਲ ਪਹਿਲਾਂ ਆਸਾਮ ਵਿੱਚ ਚੱਲੀ ਵਿਦਿਆਰਥੀ ਐਜੀਟੇਸ਼ਨ ਵੇਲੇ ਤੋਂ ਸੁਣਿਆ ਜਾਂਦਾ ਸੀ, ਜਿਸ ਨੂੰ ਚਲਾਉਣ ਵਾਲਿਆਂ ਨੇ ਬਾਅਦ ਵਿੱਚ ਆਸਾਮ ਗਣ ਪ੍ਰੀਸ਼ਦ ਬਣਾਈ ਅਤੇ ਵੱਖ-ਵੱਖ ਸਰਕਾਰਾਂ ਵਿੱਚ ਸ਼ਾਮਲ ਹੋਣ ਲੱਗ ਪਏ ਸਨ, ਪਰ ਵਾਜਪਾਈ ਸਰਕਾਰ ਨੇ ਇਸ ਮੁੱਦੇ ਉੱਤੇ ਨਵੀਂ ਖੱਪ ਨਹੀਂ ਸੀ ਪਵਾਈ। ਜੰਮੂ-ਕਸ਼ਮੀਰ ਵਿੱਚ ਲਾਗੂ ਹੋਈ ਧਾਰਾ ਤਿੰਨ ਸੌ ਸੱਤਰ ਦੇ ਖਿਲਾਫ ਪਹਿਲਾਂ ਜਨ ਸੰਘ ਵੀ ਬੋਲਦੀ ਆਈ ਸੀ ਤੇ ਫਿਰ ਨਵਾਂ ਰੂਪ ਧਾਰਨ ਦੇ ਬਾਅਦ ਬਣਾਈ ਭਾਰਤੀ ਜਨਤਾ ਪਾਰਟੀ ਵੀ ਇਸ ਦਾ ਵਿਰੋਧ ਕਰਦੀ ਰਹੀ ਸੀ, ਪਰ ਇਸ ਨੂੰ ਤੋੜਨ ਵਾਲਾ ਕਦਮ ਚੁੱਕਣ ਤੱਕ ਵਾਜਪਾਈ ਸਰਕਾਰ ਵੀ ਨਹੀਂ ਸੀ ਗਈ। ਅੱਜ ਵਾਲੇ ਆਗੂ ਇਹ ਕਹਿੰਦੇ ਹਨ ਕਿ ਓਦੋਂ ਭਾਜਪਾ ਕੋਲ ਆਪਣੇ ਸਿਰ ਬਹੁ-ਸੰਮਤੀ ਨਾ ਹੋਣ ਕਾਰਨ ਵਾਜਪਾਈ ਨੇ ਇਹ ਕਦਮ ਨਹੀਂ ਚੁੱਕਿਆ, ਪਰ ਅਸਲੀ ਗੱਲ ਇਹ ਹੈ ਕਿ ਆਪਣੇ ਵੇਲੇ ਵਾਜਪਾਈ ਨੂੰ ਸਿਰਫ ਸੱਤਾ ਨਹੀਂ, ਲੋਕ-ਲਾਜ ਦਾ ਵੀ ਅਹਿਸਾਸ ਰਹਿੰਦਾ ਸੀ ਤੇ ਦੁਨੀਆ ਵਿੱਚ ਦੇਸ਼ ਦੀ ਦਿੱਖ ਦਾ ਵੀ ਖਿਆਲ ਸੀ, ਇਸ ਕਰ ਕੇ ਏਦਾਂ ਨਹੀਂ ਸੀ ਕੀਤਾ। ਇਹੋ ਜਿਹੇ ਕਈ ਹੋਰ ਫੈਸਲੇ ਗਿਣਾਏ ਜਾ ਸਕਦੇ ਹਨ, ਜਿਨ੍ਹਾਂ ਕਾਰਨ ਅੱਜ ਦੇ ਕੇਂਦਰੀ ਹਾਕਮ ਓਦੋਂ ਦੇ ਵਾਜਪਾਈ ਵਾਲੇ ਦੌਰ ਤੋਂ ਵੀ ਬਹੁਤ ਵੱਖਰੇ ਢੰਗ ਨਾਲ ਚੱਲਦੇ ਦਿੱਸ ਸਕਦੇ ਹਨ।


ਇਸੇ ਲੜੀ ਵਿੱਚ ਇਸ ਵਕਤ ਦੀ ਸਰਕਾਰ ਦਾ ਤਾਜ਼ਾ ਕਦਮ ਕਿਸਾਨਾਂ ਦੇ ਵਿਰੁੱਧ ਪਾਸ ਕੀਤੇ ਗਏ ਤਿੰਨ ਕਾਨੂੰਨਾਂ ਦਾ ਹੈ, ਜਿਹੜਾ ਭੁੱਖੇ ਬਘਿਆੜ ਅੱਗੇ ਨੂੜ ਕੇ ਹਿਰਨ ਸੁੱਟ ਦੇਣ ਵਾਂਗ ਸਿੱਧੇ ਤੌਰ ਉੱਤੇ ਵੱਡੇ ਪੂੰਜੀਪਤੀਆਂ ਅੱਗੇ ਕਿਸਾਨਾਂ ਨੂੰ ਸੁੱਟਣ ਵਰਗਾ ਹੈ। ਜਿਸ ਢੰਗ ਨਾਲ ਇਸ ਵਾਰੀ ਇਸ ਤਰ੍ਹਾਂ ਦੇ ਬਿੱਲ ਪੇਸ਼ ਕੀਤੇ ਤੇ ਪਾਸ ਕਰਾਏ ਗਏ ਹਨ, ਉਸ ਨਾਲ ਪਾਰਲੀਮੈਂਟ ਦੀ ਕਾਰਵਾਈ ਵੀ ਹਾਸੋਹੀਣੀ ਜਾਪਣ ਲੱਗ ਪਈ ਹੈ। ਆਵਾਜ਼ ਦੀ ਵੋਟ ਨਾਲ ਜਿਵੇਂ ਬਹੁ-ਸੰਮਤੀ ਦਾ ਪ੍ਰਭਾਵ ਬਣਾਇਆ ਗਿਆ ਹੈ, ਉਸ ਨੂੰ ਬਹੁ-ਸੰਮਤੀ ਕਹਿਣ ਵਾਲਾ ਸਰਕਾਰ ਦੇ ਹੱਥਾਂ ਵਿੱਚ ਖੇਡ ਰਹੇ ਕਾਲਮ-ਨਵੀਸਾਂ ਤੋਂ ਸਿਵਾ ਕੋਈ ਵੀ ਨਹੀਂ ਲੱਭਦਾ। ਫਿਰ ਇਹ ਕੰਮ ਕੀਤਾ ਵੀ ਏਨਾ ਮਿਥ ਕੇ ਗਿਆ ਕਿ ਕਾਨੂੰਨ ਬਣਨ ਤੋਂ ਪਹਿਲਾਂ ਬਿੱਲ ਅਤੇ ਬਿੱਲ ਪੇਸ਼ ਕਰਨ ਤੋਂ ਪਹਿਲਾਂ ਜਦੋਂ ਹਾਲੇ ਆਰਡੀਨੈਂਸ ਵੀ ਜਾਰੀ ਨਹੀਂ ਸੀ ਹੋਏ, ਜਿਹੜੇ ਪੂੰਜੀਪਤੀਆਂ ਨੇ ਕਿਸਾਨਾਂ ਦਾ ਝਟਕਾ ਕਰਨ ਲਈ ਆਉਣਾ ਸੀ, ਉਨ੍ਹਾਂ ਨੇ ਪੰਜਾਬ ਵਿੱਚ ਗੋਦਾਮਾਂ ਲਈ ਜ਼ਮੀਨਾਂ ਉਸ ਤੋਂ ਵੀ ਪਹਿਲਾਂ ਮੱਲ ਲਈਆਂ ਸਨ। ਮਾਲਵੇ ਦੇ ਕੋਟਕਪੂਰੇ ਵਿੱਚ ਗੁਜਰਾਤ ਦੇ ਵੱਡੇ ਪੂੰਜੀਪਤੀ ਦਾ ਗੋਦਾਮ ਬਣਨਾ ਸ਼ੁਰੂ ਹੋਣ ਤੱਕ ਕਿਸੇ ਕਾਨੂੰਨ ਜਾਂ ਕਾਨੂੰਨ ਬਣ ਸਕਣ ਵਾਲੇ ਬਿੱਲ ਤਾਂ ਕੀ, ਆਰਡੀਨੈਂਸ ਦੇ ਜਾਰੀ ਹੋਣ ਦਾ ਨਾਂਅ ਤੱਕ ਵੀ ਕਿਸੇ ਨਹੀਂ ਸੀ ਸੁਣਿਆ। ਇਸ ਦਾ ਅਰਥ ਇਹ ਹੈ ਕਿ ਸਾਰਾ ਕੰਮ ਪੂੰਜੀਪਤੀਆਂ ਦੀ ਰਾਏ ਨਾਲ ਏਦਾਂ ਤੈਅ ਕੀਤਾ ਗਿਆ ਸੀ ਕਿ ਉਨ੍ਹਾਂ ਨੇ ਪਾਸ ਹੋਣ ਦੀ ਆਸ ਵਿੱਚ ਇਹ ਸਭ ਕੁਝ ਸਿਰੇ ਚੜ੍ਹਨ ਤੋਂ ਪਹਿਲਾਂ ਹੀ ਏਥੇ ਅੱਡੇ ਆਣ ਗੱਡੇ ਸਨ। ਪੰਜਾਬੀ ਮੁਹਾਵਰਾ ਹੈ ਕਿ 'ਪਿੰਡ ਬੱਝਾ ਨਹੀਂ, ਉਚੱਕੇ ਆਣ ਪਹੁੰਚੇ' ਅਤੇ ਜੋ ਕੁਝ ਇਹ ਕਾਨੂੰਨ ਪਾਸ ਹੋਣ ਤੋਂ ਪਹਿਲਾਂ ਇਸ ਦਾ ਲਾਹਾ ਲੈਣ ਵਾਲਿਆਂ ਨੇ ਕੀਤਾ ਹੈ, ਉਹ ਪੰਜਾਬੀ ਬੋਲੀ ਦੇ ਇਸ ਮੁਹ-ਾਵਰੇ ਦੇ ਅੰਦਰ ਛੁਪੀ ਸੱਚਾਈ ਇਸ ਦੇਸ਼ ਦੀ ਨਵੀਂ ਪੀੜ੍ਹੀ ਦੇ ਲੋਕਾਂ ਨੂੰ ਵੀ ਸਮਝਾ ਦੇਵੇਗਾ।

ਜਦੋਂ ਇਹ ਸਤਰਾਂ ਲਿਖੀਆਂ ਜਾ ਰਹੀਆਂ ਹਨ, ਓਦੋਂ ਕਿਸਾਨਾਂ ਦਾ ਸੰਘਰਸ਼ ਜਾਰੀ ਹੈ ਅਤੇ ਕੇਂਦਰ ਸਰਕਾਰ ਵੱਲੋਂ ਆਮ ਰਾਏ ਅੱਖੋਂ ਪਰੋਖੀ ਕਰ ਕੇ ਆਪਣੀ ਹੱਠ ਪੁਗਾਉਣ ਦੇ ਯਤਨ ਵੀ ਜਾਰੀ ਹਨ। ਬਹੁਤ ਜ਼ਿਆਦਾ ਰੌਲਾ ਪੈਣ ਦੇ ਬਾਅਦ ਕੇਂਦਰ ਸਰਕਾਰ ਨੇ ਇੱਕ ਸੁਨੇਹਾ ਵੀ ਕਿਸਾਨਾਂ ਨੂੰ ਭੇਜਿਆ ਤਾਂ ਇਹ ਨਹੀਂ ਸੀ ਭੇਜਿਆ ਕਿ ਆਓ ਮੱਤਭੇਦਾਂ ਬਾਰੇ ਵਿਚਾਰ ਕਰ ਲੈਂਦੇ ਹਾਂ, ਸਗੋਂ ਇਹ ਭੇਜਿਆ ਸੀ ਕਿ ਤੁਸੀਂ ਆਉ ਤਾਂ ਤੁਹਾਡੇ ਸ਼ੰਕੇ ਦੂਰ ਕਰਨ ਲਈ ਵਿਚਾਰ ਕਰ ਲਈਏ। ਕਿਸਾਨ ਧਿਰਾਂ ਨੇ ਇਸ ਸੱਦੇ ਦਾ ਹੁੰਗਾਰਾ ਨਹੀਂ ਭਰਿਆ ਤਾਂ ਕਈ ਲੋਕਾਂ ਨੂੰ ਆਸ ਸੀ ਕਿ ਸਰਕਾਰ ਇਸ ਦੇ ਬਾਅਦ ਵੀ ਆਮ ਰਾਏ ਬਾਰੇ ਸੋਚ ਸਕਦੀ ਹੈ, ਪਰ ਸਾਨੂੰ ਇਹ ਆਸ ਬਿਲਕੁਲ ਨਹੀਂ ਸੀ। ਆਸ ਨਾ ਹੋਣ ਦਾ ਕਾਰਨ ਇਹ ਹੈ ਕਿ ਕੇਂਦਰ ਸਰਕਾਰ ਨੂੰ ਉਹ ਵਿਅਕਤੀ ਚਲਾ ਰਿਹਾ ਹੈ, ਜਿਹੜਾ ਆਮ ਰਾਏ ਨੂੰ ਮਾਨਤਾ ਹੀ ਨਹੀਂ ਦੇਂਦਾ। ਗੁਜਰਾਤ ਵਿਚਲਾ ਉਸ ਦਾ ਤਜਰਬਾ ਇਹੋ ਹੈ ਕਿ ਰਾਜ ਨੂੰ ਰਾਜ ਦੀ ਤਾਕਤ ਨਾਲ ਚਲਾਇਆ ਜਾਂਦਾ ਹੈ, ਆਮ ਰਾਏ ਨੂੰ ਅੱਖੋਂ ਪਰੋਖਾ ਵੀ ਕਰ ਲਈਏ ਤਾਂ ਕੋਈ ਫਰਕ ਨਹੀਂ ਪੈਂਦਾ। ਇੱਕ ਖਾਸ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਹਵਾ ਦੇ ਕੇ ਵੋਟਾਂ ਦੇ ਪਰਾਗੇ ਭਰਨ ਦੇ ਬਾਅਦ ਉਸ ਨੂੰ ਹੋਰ ਕਿਸੇ ਧਿਰ ਨਾਲ ਆਮ ਰਾਏ ਬਣਾਉਣ ਦੀ ਲੋੜ ਨਹੀਂ ਜਾਪਦੀ। ਅੱਜ ਭਾਰਤ ਦਾ ਰਾਜ-ਤੰਤਰ ਪੁਰਾਣੇ ਸਮੇਂ ਦੀ ਯਾਦ ਕਰਵਾ ਰਿਹਾ ਹੈ, ਜਿਸ ਵਿੱਚ ਹਾਕਮ ਦੇ ਮੂੰਹੋਂ ਨਿਕਲੇ ਸ਼ਬਦ ਹੀ ਕਾਨੂੰਨ ਦਾ ਰੂਪ ਧਾਰ ਸਕਦੇ ਸਨ ਅਤੇ ਕੋਈ ਕਿੰਤੂ ਨਹੀਂ ਹੋ ਸਕਦਾ ਸੀ। ਉਂਜ ਅਜੇ ਇਸ ਦੇਸ਼ ਵਿੱਚ ਲੋਕ-ਤੰਤਰ ਹੈ। ਇਸ ਲੋਕ-ਤੰਤਰ ਵਿੱਚ ਲੋਕਾਂ ਦੀ ਆਮ-ਰਾਏ ਦੀ ਧਾਰਨਾ ਨਹੀਂ ਲੱਭਦੀ ਤਾਂ ਨਾ ਸਹੀ, ਆਪਣੇ ਦੇਸ਼ ਦੀ ਮਿੱਟੀ ਉੱਤੇ ਜਦੋਂ ਮਾਣ ਕਰਨਾ ਹੋਵੇ ਤਾਂ ਕਹਿਣ ਲਈ ਇਹ ਵੀ ਕੋਈ ਛੋਟਾ ਅਹਿਸਾਸ ਨਹੀਂ ਕਿ ਹਾਂ, ਹਾਲੇ ਵੀ ਭਾਰਤ ਵਿੱਚ ਲੋਕ-ਤੰਤਰ ਹੈ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਨ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਨਣ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ

ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224


# ਖੇਤੀਬਾੜੀ ਬਿੱਲਾਂ ਵਿਰੋਧੀ ਸੁਖਬੀਰ ਸਿੰਘ ਬਾਦਲ ਦਾ 'ਅੰਦੋਲਨ'



ਜਸਵੰਤ ਸਿੰਘ 'ਅਜੀਤ'

ਅਕਾਲੀ ਸਿਆਸਤ 'ਤੇ ਤਿੱਖੀ ਨਜ਼ਰ ਰੱਖਦੇ ਆਏ ਸਿਆਸਤਦਾਨਾਂ ਦੇ ਅਨੁਸਾਰ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਖੇਤੀਬਾੜੀ ਬਿੱਲਾਂ ਵਿਰੁੱਧ ਜੋ ਅੰਦੋਲਨ ਸ਼ੁਰੂ ਕੀਤਾ ਹੈ, ਉਹ ਉਨ੍ਹਾਂ ਦੀ ਸ਼ਕਤੀ ਪ੍ਰਦਰਸ਼ਨ ਦੀ ਸੋਚ ਉੱਤੇ ਆਧਾਰਤ ਹੈ, ਜਿਸ ਦੇ ਸਹਾਰੇ ਉਹ ਆਪਣੀ ਗੁਆਚੀ ਹੋਈ ਸਾਖ ਨੂੰ ਮੁੜ ਤੋਂ ਬਹਾਲ ਕਰ ਸਕਣ। ਇਸ ਦਾ ਕਾਰਨ ਸਿਆਸੀ ਮਾਹਿਰ ਇਹ ਦੱਸਦੇ ਹਨ ਕਿ ਸਾਰੇ ਜਾਣਦੇ ਹਨ ਕਿ ਖੇਤੀ ਆਰਡੀਨੈਂਸ ਦੇ ਖਰੜੇ ਦੇ ਕੇਂਦਰੀ ਮੰਤਰੀ ਮੰਡਲ ਵੱਲੋਂ ਪਾਸ ਕੀਤੇ ਜਾਣ ਤੋਂ ਲੈ ਕੇ ਇਨ੍ਹਾਂ ਬਿੱਲਾਂ ਦੇ ਰੂਪ 'ਚ ਪਾਰਲੀਮੈਂਟ ਵੱਲੋਂ ਪਾਸ ਕਰਕੇ ਕਾਨੂੰਨ ਬਣਾ ਦਿੱਤੇ ਜਾਣ ਤੱਕ ਹਰਸਿਮਰਤ ਕੌਰ ਬਾਦਲ ਦੀ ਜੋ ਨੀਤੀ ਰਹੀ ਹੈ, ਉਹ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਦੋਵੇਂ ਪਤੀ-ਪਤਨੀ ਸ਼ੁਰੂ ਤੋਂ ਹੀ ਇਨ੍ਹਾਂ ਬਿੱਲਾਂ ਦੇ ਸਮਰਥਕ ਚਲੇ ਆ ਰਹੇ ਹਨ।

ਉਨ੍ਹਾਂ ਹੀ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜਦੋਂ ਪੰਜਾਬ ਦੀਆਂ ਸਾਰੀਆਂ ਕਿਸਾਨ ਜਥੇਬੰਦੀਆਂ ਨੇ ਇਕੱਠੀਆਂ ਹੋ ਕੇ ਇਨ੍ਹਾਂ ਕਾਨੂੰਨਾਂ ਦੇ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਤਾਂ ਸੁਖਬੀਰ ਨੂੰ ਜਾਪਣ ਲੱਗਾ ਕਿ ਇਹ ਅੰਦੋਲਨ ਜੇ ਜ਼ੋਰ ਫੜ ਗਿਆ ਤਾਂ ਪੰਜਾਬ 'ਚ ਉਨ੍ਹਾਂ ਦੀ ਰਹਿੰਦੀ-ਖੂੰਹਦੀ ਸਾਖ ਖਤਮ ਹੋ ਕੇ ਰਹਿ ਜਾਵੇਗੀ। ਇਸਦੇ ਨਾਲ ਉਨ੍ਹਾਂ ਨੂੰ ਇਸ ਗੱਲ ਦੀ ਭਿਣਕ ਲੱਗ ਰਹੀ ਸੀ ਕਿ ਪੰਜਾਬ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਵਿੱਚ ਉਨ੍ਹਾਂ ਦੀ ਪਾਰਟੀ ਦੀ ਜੋ ਸ਼ਰਮਨਾਕ ਹਾਰ ਹੋਈ ਹੈ, ਉਸ ਨੂੰ ਦੇਖਦੇ ਹੋਏ ਪੰਜਾਬ ਭਾਜਪਾ ਦੀ ਲੀਡਰਸ਼ਿਪ ਵੀ ਪੰਜਾਬ 'ਚ ਆਪਣੇ ਭਵਿੱਖ ਬਾਰੇ ਚਿੰਤਤ ਦਿਖਾਈ ਦੇ ਰਹੀ ਹੈ। ਇਸ ਕਾਰਨ ਉਸ ਨੇ ਸੁਖਦੇਵ ਸਿੰਘ ਢੀਂਡਸਾ ਅਤੇ ਬਾਦਲ ਅਕਾਲੀ ਦਲ 'ਚ ਚੱਲ ਰਹੀ ਸ਼ਕਤੀ-ਸੰਤੁਲਨ ਦੀ ਦੌੜ 'ਤੇ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ ਹੈ।

ਇਸ ਦੇ ਨਾਲ ਪੰਜਾਬ ਭਾਜਪਾ ਦੀ ਲੀਡਰਸ਼ਿਪ ਨੇ ਇਹ ਸੰਕੇਤ ਵੀ ਦੇਣਾ ਸ਼ੁਰੂ ਕਰ ਦਿੱਤਾ ਕਿ ਇਸ ਵਾਰ ਪੰਜਾਬ ਵਿਧਾਨ ਸਭਾ 'ਚ ਉਨ੍ਹਾਂ ਦੀ ਭੂਮਿਕਾ ਗਠਜੋੜ 'ਚ ਵੱਡੇ ਭਰਾ ਵਾਲੀ ਹੋਵੇਗੀ। ਜੇ ਪੰਜਾਬ ਵਿੱਚ ਗਠਜੋੜ ਸਰਕਾਰ ਬਣਦੀ ਹੈ ਤਾਂ ਮੁੱਖ ਮੰਤਰੀ ਭਾਜਪਾ ਦਾ ਹੋਵੇਗਾ। ਇਸ ਸੰਕੇਤ ਦੇ ਮਿਲਦੇ ਸਾਰ ਸੁਖਬੀਰ ਨੂੰ ਜਾਪਣ ਲੱਗਾ ਕਿ ਜੇ ਅਜਿਹਾ ਹੁੰਦਾ ਹੈ ਤਾਂ ਮੁੱਖ ਮੰਤਰੀ ਬਣਨ ਦਾ ਉਸ ਦਾ ਸੁਪਨਾ ਸਦਾ ਲਈ ਚਕਨਾਚੂਰ ਹੋ ਜਾਵੇਗਾ। ਇਹ ਵਿਚਾਰ ਆਉਂਦੇ ਹੀ ਉਹ ਅਜਿਹੇ ਮੌਕੇ ਦੀ ਭਾਲ 'ਚ ਲੱਗ ਗਏ, ਜਿਸ ਦੇ ਸਹਾਰੇ ਉਹ ਸ਼ਕਤੀ ਪ੍ਰਦਰਸ਼ਨ ਕਰਕੇ ਅਕਾਲੀ-ਭਾਜਪਾ 'ਚ ਵੱਡਾ ਭਰਾ ਹੋਣ ਦੇ ਆਪਣੇ ਦਾਅਵੇ ਨੂੰ ਬਹਾਲ ਕਰ ਸਕਣ।

ਇਸ ਲਈ ਕੁਦਰਤੀ ਹੀ ਉਨ੍ਹਾਂ ਦੇ ਖੇਤੀਬਾੜੀ ਬਿੱਲਾਂ ਦੇ ਵਿਰੁੱਧ ਪੰਜਾਬ ਦੀਆਂ ਸਾਰੀਆਂ ਕਿਸਾਨ ਜਥੇਬੰਦੀਆਂ ਵੱਲੋਂ ਇੱਕਜੁੱਟ ਹੋ ਕੇ ਸ਼ੁਰੂ ਕੀਤੇ ਅੰਦੋਲਨ ਨੇ ਉਨ੍ਹਾਂ ਨੂੰ ਸ਼ਕਤੀ ਪ੍ਰਦਰਸ਼ਨ ਕਰਨ ਦਾ ਮੌਕਾ ਦੇ ਦਿੱਤਾ ਅਤੇ ਉਨ੍ਹਾਂ ਨੇ ਮੌਕੇ ਦਾ ਲਾਭ ਉਠਾਉਂਦੇ ਹੋਏ ਝੱਟ ਐਨ ਡੀ ਏ ਤੋਂ ਵੱਖ ਹੋ ਕੇ ਭਾਜਪਾ ਨਾਲ ਗਠਜੋੜ ਤੋੜਨ ਤੇ ਖੇਤੀਬਾੜੀ ਬਿੱਲਾਂ ਦੇ ਵਿਰੁੱਧ ਅੰਦੋਲਨ ਕਰਨ ਦਾ ਐਲਾਨ ਕਰ ਦਿੱਤਾ। ਉਨ੍ਹਾਂ ਨੂੰ ਯਕੀਨ ਹੈ ਕਿ ਇਸ ਅੰਦੋਲਨ ਨਾਲ ਉਹ ਆਪਣੇ ਆਧਾਰ ਨੂੰ ਮੁੜ ਤੋਂ ਬਹਾਲ ਕਰਕੇ ਗਠਜੋੜ 'ਚ ਵੱਡਾ ਭਰਾ ਹੋਣ ਦੇ ਦਾਅਵੇ ਨੂੰ ਕਾਇਮ ਰੱਖ ਸਕਣਗੇ। ਉਨ੍ਹਾਂ ਦੇ ਇਸ ਯਕੀਨ ਦੇ ਸਬੰਧ 'ਚ ਪੰਜਾਬ ਦੇ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਆਸ ਨਹੀਂ ਕਿ ਅਜਿਹਾ ਹੋ ਸਕੇਗਾ, ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਸਪੱਸ਼ਟ ਕੀਤਾ ਹੋਇਆ ਕਿ ਉਨ੍ਹਾਂ ਨਾਲੋਂ ਵੱਖਰੇ ਹੋ ਕੇ ਖੇਤੀਬਾੜੀ ਬਿੱਲਾਂ ਦੇ ਵਿਰੁੱਧ ਜੋ ਵੀ ਅੰਦੋਲਨ ਚਲਾਇਆ ਜਾ ਰਿਹਾ ਹੈ, ਉਹ ਉਨ੍ਹਾਂ ਦੇ ਅੰਦੋਲਨ ਦੀ ਸ਼ਕਤੀ ਨੂੰ ਤਾਰਪੀਡੋ ਕਰਨ ਦੇ ਲਈ ਹੈ।

ਅਗਲੇ ਸਾਲ ਦੇ ਸ਼ੁਰੂ 'ਚ ਹੋਣ ਵਾਲੀਆਂ ਦਿੱਲੀ ਗੁਰਦੁਆਰਾ ਚੋਣਾਂ 'ਚ ਸਰਦਾਰ ਢੀਂਡਸਾ ਦੀ ਭੂਮਿਕਾ ਕੀ ਹੋਵੇਗੀ। ਇਹ ਜਾਨਣ ਲਈ ਉਨ੍ਹਾਂ ਦੇ ਦਲ ਦੇ ਇੱਕ ਆਗੂ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਦੱਸਿਆ ਕਿ ਢੀਂਡਸਾ ਦੀ ਕੋਸ਼ਿਸ਼ ਹੋਵੇਗੀ ਕਿ ਉਹ ਦਿੱਲੀ ਗੁਰਦੁਆਰਾ ਦੀ ਸਿਆਸਤ 'ਚੋਂ ਬਾਦਲ ਅਕਾਲੀ ਦਲ ਨੂੰ ਬਾਹਰ ਕਰਨ ਦੇ ਲਈ ਬਾਦਲ ਵਿਰੋਧੀ ਮੋਰਚੇ ਦਾ ਗਠਨ ਕਰਨ' ਮੁੱਖ ਭੂਮਿਕਾ ਨਿਭਾਉਣ। ਉਨ੍ਹਾਂ ਨੇ ਦੱਸਿਆ ਕਿ ਢੀਂਡਸਾ ਦੀ ਕੋਸ਼ਿਸ਼ ਹੈ ਕਿ ਸਰਦਾਰ ਸਰਨਾ ਤੇ ਮਨਜੀਤ ਸਿੰਘ ਜੀ ਕੇ ਦੇ ਦਲ ਇਕੱਠੇ ਹੋ ਕੇ ਗੁਰਦੁਆਰਾ ਚੋਣਾਂ ਲੜਨ।

ਲੱਖਾਂ ਲੋਕਾਂ ਨੂੰ ਰੋਜ਼ ਲੰਗਰ ਛਕਾਉਣ ਦਾ ਦਾਅਵਾ ਕਰ ਕੇ ਆਪਣੀ ਪਿੱਠ ਥਾਪੜਦੇ ਰਹੇ ਦਿੱਲੀ ਗੁਰਦੁਆਰਾ ਕਮੇਟੀ ਦੇ ਆਗੂਆਂ ਤੋਂ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਯੂਥ ਵਿੰਗ ਦੇ ਸੀਨੀਅਰ ਉਪ ਪ੍ਰਧਾਨ ਜਸਮੀਤ ਸਿੰਘ ਪੀਤਮਪੁਰਾ ਨੇ ਪੁੱਛਿਆ ਹੈ ਕਿ ਕਿਉਂ ਉਨ੍ਹਾਂ ਨੂੰ ਆਪਣੇ ਪ੍ਰਬੰਧਾਂ ਅਧੀਨ ਚੱਲਦੀਆਂ ਸਿੱਖਿਆ ਸੰਸਥਾਵਾਂ ਦੇ ਸਟਾਫ ਮੈਂਬਰਾਂ ਦਾ ਦੁਖ ਨਜ਼ਰ ਨਹੀਂ ਆਉਂਦਾ, ਜੋ ਕਈ ਮਹੀਨਿਆਂ ਦੀ ਤਨਖ਼ਾਹ ਨਾ ਮਿਲਣ ਕਾਰਨ ਭੁੱਖਿਆਂ ਰਹਿਣ 'ਤੇ ਮਜ਼ਬੂਰ ਹਨ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਇਹ ਖ਼ਬਰ ਵੀ ਆਈ ਸੀ ਕਿ ਸਕੂਲੀ ਸਟਾਫ ਦੇ ਤਿੰਨ ਮੈਂਬਰ ਇਲਾਜ ਸਹੂਲਤ ਨਾ ਹੋਣ ਕਰਕੇ ਦਮ ਤੋੜ ਗਏ। ਉਨ੍ਹਾਂ ਦੱਸਿਆ ਕਿ ਲੋਨੀ ਰੋਡ ਸ਼ਾਹਦਰਾ ਦਾ ਸਟਾਫ ਆਪਣੀ ਤਨਖ਼ਾਹ ਨਾਲ ਸਬੰਧਤ ਮੰਗਾਂ ਨੂੰ ਲੈ ਕੇ ਲੱਗਭਗ ਤਿੰਨ ਹਫ਼ਤਿਆਂ ਤੋਂ ਧਰਨੇ 'ਤੇ ਬੈਠਾ ਹੋਇਆ ਹੈ, ਜਿਸ ਵੱਲ ਪ੍ਰਬੰਧਕਾਂ ਦਾ ਧਿਆਨ ਨਹੀਂ ਜਾ ਰਿਹਾ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸਕੂਲੀ ਸਟਾਫ ਚਾਹੁੰਦਾ ਹੈ ਕਿ ਜੇ ਗੁਰਦੁਆਰਾ ਕਮੇਟੀ ਦੇ ਆਗੂ ਸਕੂਲਾਂ ਦਾ ਉਹੀ 27 ਕਰੋੜ ਰੁਪਇਆ ਮੋੜ ਦੇਣ ਜੋ ਉਨ੍ਹਾਂ ਦੇ ਸੁਰੱਖਿਅਤ ਫੰਡ 'ਚੋਂ ਲੈ ਗਏ ਹਨ ਤਾਂ ਕਾਫ਼ੀ ਹਦ ਤੱਕ ਸਟਾਫ ਦੀ ਬਾਕੀ ਤਨਖ਼ਾਹ ਦਿੱਤੀ ਜਾ ਸਕਦੀ ਹੈ। ਉਨ੍ਹਾਂ ਅਨੁਸਾਰ ਕੌਮ ਦੀ ਵਿਰਾਸਤ ਦੀਆਂ ਰੱਖਿਅਕ ਸਿੱਖਿਆ ਸੰਸਥਾਵਾਂ ਬਰਬਾਦ ਹੋ ਰਹੀਆਂ ਹਨ ਪਰ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਮੁਖੀ ਚਿੰਤਾ ਕਰਨ ਦੀ ਥਾਂ 'ਤੇ ਗੁਰਦੁਆਰਾ ਕਮੇਟੀ ਦੇ ਸਾਰੇ ਸਾਧਨਾਂ ਨੂੰ ਆਪਣੀ ਸਿਆਸਤ ਚਮਕਾਉਣ ਦੇ ਲਈ ਵਰਤਣ 'ਚ ਲੱਗ ਹੋਏ ਹਨ।

# ਦੇਸ਼ ਵੰਡ ਅਤੇ ਮਾਸੂਮੀਅਤ

-ਕਰਨੈਲ ਸਿੰਘ ਸੋਮਲ

ਇਹ ਗੱਲ ਸੰਤਾਲੀ ਦੇ ਹੱਲਿਆਂ ਦੇ ਦਿਨਾਂ ਦੀ ਹੈ। ਉਦੋਂ ਮੈਂ ਅਜੇ ਸੁਰਤ ਸੰਭਾਲੀ ਸੀ। ਚੁਫ਼ੇਰੇ ਮਾੜੀਆਂ ਖ਼ਬਰਾਂ ਸੁਣਨ ਨੂੰ ਮਿਲਦੀਆਂ ਸਨ। ਅਫ਼ਵਾਹਾਂ ਦਾ ਬੜਾ ਜ਼ੋਰ ਸੀ। ਆਪਣੀ ਦਾਦੀ ਦੇ ਨਾਲ ਉਸ ਦੇ ਪੇਕੀ ਜਾਈਦਾ ਜਾਂ ਬੇਬੇ ਨਾਲ ਆਪਣੇ ਨਾਨਕੇ, ਰਾਹ ਵਿੱਚ ਵੱਢੇ-ਟੁੱਕੇ ਲੋਕਾਂ ਤੇ ਉਜੜੇ ਘਰਾਂ ਦੇ ਦ੍ਰਿਸ਼ ਵੇਖਣ ਨੂੰ ਮਿਲਦੇ। ਮੇਰੀ ਮਾਸੂਮੀਅਤ ਇਸ ਮੰਜ਼ਰ ਵਿੱਚ ਵਲੂੰਧਰੀ ਜਾਂਦੀ। ਮੈਂ ਆਪਣੇ ਅਣਭੋਲਪੁਣੇ ਵਿੱਚ 'ਕੀ ਹੈ', 'ਕਿਉਂ ਹੈ' ਨੂੰ ਸਮਝ ਨਹੀਂ ਸੀ ਰਿਹਾ। ਸਹੀ ਸੂਚਨਾਵਾਂ ਦੇ ਸਾਧਨ ਕੋਈ ਨਾ ਹੋਣ ਕਾਰਨ ਅਤੇ ਆਮ ਲੋਕਾਂ ਦੀ ਅਨਪੜ੍ਹਤਾ ਦੇ ਸਬੱਬ ਭੰਬਲਭੂਸਾ ਬੜਾ ਸੀ। ਆਜ਼ਾਦੀ ਮਿਲਣ ਲਈ ਗੱਲ ਕੰਨੀ ਨਾ ਪੈਂਦੀ। ਜਿਉਂ ਜਿਉਂ ਵੱਡਾ ਹੋਇਆ ਤੇ ਅੱਖਰ-ਗਿਆਨ ਸਦਕਾ ਜਗਿਆਸਾ ਪੂਰੀ ਕਰਨ ਜੋਗਾ ਹੋਇਆ ਤਾਂ ਦੇਸ਼-ਵੰਡ ਦੇ ਦੁਖਾਂਤ ਨੂੰ ਸਮਝਣ ਦਾ ਯਤਨ ਕਰਨ ਲੱਗਾ। ਇਤਿਹਾਸ ਦੀਆਂ ਕਿਤਾਬਾਂ ਵਿੱਚੋਂ ਜਾਣਿਆ, ਦੇਸ਼-ਵੰਡ ਬਾਰੇ ਮਿਲਦਾ ਸਾਹਿਤ ਖੁਭ ਕੇ ਪੜ੍ਹਿਆ। ਹੌਲੀ-ਹੌਲੀ ਗੱਲ ਸਾਫ ਹੋਈ ਕਿ ਜ਼ਿਆਦਤੀ ਤੇ ਜ਼ੁਲਮ ਦੋਵੇਂ ਪਾਸੇ ਹੋਏ। ਅਗਲਿਆਂ ਨੇ ਅੱਗਾਂ ਹੀ ਐਸੀਆਂ ਲਾਈਆਂ ਕਿ ਭਾਂਬੜ ਬਲ ਗਏ। ਲੋਕ ਮਾਰੇ ਗਏ, ਲੁੱਟੇ ਗਏ, ਇਸਮਤਾਂ ਰੁਲੀਆਂ, ਬੇਕਸੂਰਾਂ ਦਾ ਬੜਾ ਖ਼ੂਨ ਡੁੱਲ੍ਹਿਆ। ਦੋਵੇਂ ਪਾਸੇ ਔਰਤਾਂ ਦੀ ਜਵਾਨ ਉਮਰ ਤੇ ਸੁਹੱਪਣ ਉਨ੍ਹਾਂ ਦਾ ਵੈਰੀ ਬਣੇ। ਵੱਢ-ਟੁੱਕ ਕਰਨ ਵੇਲੇ ਸੋਹਣੀਆਂ ਕੁੜੀਆਂ ਤੇ ਔਰਤਾਂ ਅਲੱਗ ਕਰਕੇ ਆਪਣੇ ਮਿੱਤਰਾਂ ਤੇ ਬੇਲੀਆਂ ਵਿੱਚ ਉਵੇਂ ਹੀ ਵੰਡ ਦਿੰਦੇ ਜਿਵੇਂ ਹੋਰ ਲੁੱਟ ਦਾ ਮਾਲ।

ਸਾਡੇ ਨੇੜੇ ਦੀ ਗਲੀ ਵਿੱਚ ਕਿਸੇ ਨੂੰ ਇੱਕ ਜਵਾਨ ਔਰਤ, ਜਿਸ ਦੇ ਕੁੱਛੜ ਕੁੜੀ ਸੀ, ਮਿਲ ਗਈ। ਘਰ ਵੱਸਣ-ਵਸਾਉਣ ਵਾਲੀ ਗੱਲ ਨਹੀਂ, ਜਿਵੇਂ ਕੋਈ ਦੁਧਾਰੂ ਡੰਗਰ ਕਿੱਲੇ ਬੰਨ੍ਹ ਲਈਦਾ ਹੈ, ਉਵੇਂ ਉਹ ਜਾਨ-ਬਚਾਈ ਲਈ ਚੁੱਪ-ਚਾਪ ਉਸ ਬੰਦੇ ਦੇ ਰਹਿਣ ਲੱਗੀ, ਜਿਹੜਾ ਨਾ ਉਸਦੇ ਹਾਣ-ਪ੍ਰਵਾਣ ਸੀ ਤੇ ਨਾ ਕਿਸੇ ਤਰ੍ਹਾਂ ਪਸੰਦ ਸੀ। ਉਹ ਅਕਲ-ਸ਼ਕਲ ਵਾਲਾ ਤੇ ਕਮਾਊ ਹੁੰਦਾ ਤਾਂ ਅਧਖੜ ਉਮਰ ਤੱਕ ਇਕੱਲਾ ਕਿਉਂ ਰਹਿੰਦਾ? ਉਸ ਨੇ ਬਾਹੋਂ ਫੜ ਲਿਆਂਦੀ ਉਸ ਔਰਤ ਦਾ ਪਹਿਲਾਂ ਨਾਂ ਬਦਲਿਆ, ਨਾਂ ਜੋ ਬੰਦੇ ਦੀ ਪਛਾਣ ਹੁੰਦਾ ਹੈ, ਉਸ ਉਤੇ ਪੋਚਾ ਮਾਰਨਾ ਉਸ ਨੇ ਜ਼ਰੂਰੀ ਸਮਝਿਆ। ਮਜ਼ਬੂਰੀ ਵੱਸ ਉਹ ਔਰਤ ਉਸ ਦੇ ਘਰ ਰਹਿੰਦੀ ਰਹੀ ਤੇ ਇੱਕ ਬੱਚਾ ਹੋਰ ਹੋ ਗਿਆ।

ਦੋਵੇਂ ਪਾਸੇ ਦੀਆਂ ਸਰਕਾਰਾਂ ਫਿਰ ਉਧਾਲੀਆਂ ਔਰਤਾਂ ਨੂੰ ਲੱਭ-ਲੱਭ ਉਨ੍ਹਾਂ ਦੇ ਪਰਵਾਰਾਂ ਤੀਕ ਪੁਚਾਉਣ ਲੱਗੀਆਂ। ਇਸ ਔਰਤ ਦੀ ਭਾਲ ਵਿੱਚ ਵੀ ਪੁਲਸ ਆਉਂਦੀ ਰਹੀ, ਪਰ ਇਹ ਬੰਦਾ ਪਰਵਾਰ ਸਣੇ ਇੱਧਰ-ਉਧਰ ਛਿਪ ਜਾਂਦਾ ਰਿਹਾ। ਆਖ਼ਰ ਨੂੰ ਉਹ ਔਰਤ ਪੁਲਸ ਦੇ ਹੱਥ ਆ ਗਈ। ਉਹ ਦ੍ਰਿਸ਼ ਰੌਂਗਟੇ ਖੜ੍ਹੇ ਕਰਨ ਵਾਲਾ ਸੀ। ਉਥੇ ਖੜ੍ਹੇ ਕਈਆਂ ਨੇ ਸੁਝਾਅ ਦਿੱਤਾ ਕਿ ਉਹ ਬੰਦਾ ਆਪਣੇ ਪੁੱਤਰ ਨੂੰ ਆਪਣੇ ਕੋਲ ਰੱਖ ਲਵੇ। ਉਹ ਕਹਿੰਦਾ ਕਿ ਨਹੀਂ, ਇਹ ਵਾਪਸ ਆਏਗੀ। ਪੁਲਸ ਦੀ ਗੱਡੀ ਤੁਰ ਪਈ ਤੇ ਉਹ ਔਰਤ ਮੁੜ ਨਾ ਪਰਤੀ, ਪਰਤ ਸਕਦੀ ਹੀ ਨਹੀਂ ਸੀ। ਪਰਤਦੀ ਵੀ ਕਿਉਂ? ਉਹ ਬੰਦਾ ਬੜਾ ਬਦ-ਮਿਜ਼ਾਜ ਸੀ। ਉਹ ਔਰਤ ਨਾਲ ਆਈ ਕੁੜੀ ਨੂੰ ਦੰਦ ਕਰੀਚਦਾ 'ਹਰਾਮਜ਼ਾਦੀ' ਕਹਿੰਦਾ। ਫਿਰ ਉਹ ਫਿਰ ਔਰਤ ਜਦੋਂ 'ਆਪਣੇ' ਮੁਲਕ ਕਿਸੇ ਦਹਾਜੂ-ਤਿਹਾਜੂ ਦੇ ਘਰ ਬੈਠ ਗਈ ਹੋਣੀ ਹੈ, ਉਸ ਦਾ ਮਰਦ ਵੀ ਏਧਰੋਂ ਉਸ ਔਰਤ ਨਾਲ ਗਏ ਦੋ ਬੱਚਿਆਂ ਨੂੰ 'ਹਰਾਮ ਦੀ ਔਲਾਦ' ਕਹਿੰਦਾ ਹੋਣਾ ਹੈ।

ਹਰਾਮੀ ਕੌਣ ਹੋਇਆ? ਜੀਵ ਦੇ ਹੋਂਦ ਵਿੱਚ ਆਉਣ ਲਈ ਨਰ ਤੇ ਮਾਦਾ ਦੋਵਾਂ ਦੀ ਸ਼ਮੂਲੀਅਤ ਹੁੰਦੀ ਹੈ। ਔਰਤ ਨਾਲ ਜ਼ਬਰਦਸਤੀ ਵੀ ਹੋਵੇ, ਬੱਚਾ ਉਸ ਦੀ ਕੁੱਖ ਵਿੱਚ ਪਲਣ ਲੱਗ ਪੈਂਦਾ ਹੈ। 'ਹਰਾਮੀ' ਸ਼ਬਦ ਗਾਲ ਹੈ, ਜੋ ਬੱਚੇ ਤੇ ਉਸ ਦੀ ਜਨਨੀ ਨੂੰ ਦਿੱਤੀ ਜਾਂਦੀ ਹੈ। ਉਨ੍ਹਾਂ ਦੋਹਾਂ ਦਾ ਕੀ ਕਸੂਰ ਹੁੰਦਾ ਹੈ? ਦੋਸ਼ ਸਮਾਜ ਦਾ, ਲਾਹਨਤਾਂ ਉਨ੍ਹਾਂ ਨਿਰਦੋਸ਼ਾਂ ਨੂੰ?

ਸੁਰਤ ਸੰਭਲਣ ਵੇਲੇ ਤੋਂ ਅੱਜ ਤੀਕ ਅਜਿਹੀਆਂ ਬੜੀਆਂ ਤਲਖ਼ ਯਾਦਾਂ ਮਨ ਨੂੰ ਬੇਚੈਨ ਕਰਦੀਆਂ ਰਹੀਆਂ। ਅਜੋਕੇ ਨਾਸਾਜ਼ਗਾਰ ਹਾਲਾਤ ਨੂੰ ਵੇਖਦਿਆਂ ਸੁਰਤ ਬਦਹਾਲ ਹੋਣ ਲੱਗੀ ਹੈ। ਰਤਨ ਸਿੰਘ ਸਾਡਾ ਉਰਦੂ ਦਾ ਵੱਡਾ ਕਹਾਣੀਕਾਰ ਹੈ। ਮੰਟੋ ਵਾਂਗ ਉਸ ਨੇ ਵੀ ਪੰਜਾਬ ਦੀ ਵੰਡ ਬਾਰੇ ਬੜਾ ਲਿਖਿਆ ਹੈ। ਉਸ ਦੀ ਇੱਕ ਕਹਾਣੀ 'ਪਾਣੀ ਨੂੰ ਲੱਗੀ ਅੱਗ ਵੇ' ਪੰਜਾਬੀ ਜਾਮੇ ਵਿੱਚ ਮਈ 2014 ਦੇ 'ਅਕਸ' ਮੈਗਜ਼ੀਨ ਵਿੱਚ ਛਪੀ। ਇਸ ਕਹਾਣੀ ਦੀਆਂ ਆਖਰੀ ਸਤਰਾਂ ਹਨ, 'ਉਦੋਂ ਸੰਨ ਸੰਤਾਲੀ ਵਿੱਚ ਜਦ ਅਣਗਿਣਤ ਕੁੜੀਆਂ ਦੇ ਰੂਪ ਨੂੰ ਮੈਲੇ ਹੱਥ ਲੱਗੇ ਸਨ ਤਾਂ ਪੰਜਾਬ ਦੇ ਪੰਜਾਂ ਦਰਿਆਵਾਂ ਦੇ ਪਾਣੀਆਂ ਨੂੰ ਅੱਗ ਲੱਗੀ ਸੀ। ਅੱਗ ਲੱਗੀ ਤੇ ਇਹ ਸੁੱਕ ਗਏ। ਪੰਜੇ ਦਰਿਆ ਸੁੱਕੇ ਤਾਂ ਪੰਜਾਬ ਦੀ ਧਰਤੀ ਬੰਜਰ ਹੋ ਗਈ। ਇਸ ਬੰਜਰ ਧਰਤੀ 'ਤੇ ਉਦੋਂ ਤੋਂ ਲੈ ਕੇ ਅੱਜ ਤੱਕ ਸੱਚੀਆਂ ਖ਼ੁਸ਼ੀਆਂ ਦੀ ਫ਼ਸਲ ਨਹੀਂ ਉਗੀ। ਨਾ ਇਸ ਪਾਸੇ ਨਾ ਉਸ ਪਾਸੇ।'

ਇਸ ਕਹਾਣੀ ਦੀਆਂ ਅਰੰਭਿਕ ਸਤਰਾਂ ਹਨ, 'ਮੇਰੇ ਕੋਲੋਂ ਇਹ ਨਾ ਪੁੱਛਣਾ ਕਿ ਸੰਨ ਸੰਤਾਲੀ ਵਿੱਚ ਰਹਿਮਤੇ ਨੂੰ ਰਾਮ ਕੌਰ ਬਣਾਇਆ ਗਿਆ ਜਾਂ ਰਾਮ ਕੌਰ ਨੂੰ ਰਹਿਮਤੇ। ਇਹ ਵੀ ਸਵਾਲ ਨਾ ਕਰਨਾ ਕਿ ਇਹ ਘਟਨਾ ਪੂਰਬੀ ਪੰਜਾਬ ਵਿੱਚ ਹੋਈ, ਜੋ ਅੱਜ ਆਜ਼ਾਦ ਹਿੰਦੋਸਤਾਨ ਦਾ ਹਿੱਸਾ ਏ, ਜਾਂ ਪੱਛਮੀ ਪੰਜਾਬ ਵਿੱਚ, ਜੋ ਅੱਜ ਪਾਕਿਸਤਾਨ ਦਾ ਭਾਗ ਏ।'

## ਸ਼ਾਮਲਾਟ ਮਾਮਲੇ ਵਿਚ ਹਾਈ ਕੋਰਟ ਨੇ ਸਿਹਤ ਮੰਤਰੀ ਦੇ ਭਰਾ ਦੇ ਜ਼ਮੀਨ ਤਬਾਦਲੇ ਉੱਤੇ ਰੋਕ ਲਾਏ

ਮੋਹਾਲੀ, 15 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਦੇ ਛੋਟੇ ਭਰਾ ਅਤੇ ਜ਼ਿਲ੍ਹਾਕੋਆਪਰੇਟਿਵ ਬੈਂਕ ਦੇ ਚੇਅਰਮੈਨ ਅਮਰਜੀਤ ਸਿੰਘ ਸਿੱਧੂ ਉਰਫ ਜੀਤੀ ਸਿੱਧੂ ਉਤੇ ਮੁਹਾਲੀ ਨੇੜੇ ਪਿੰਡ ਦੈੜੀ ਦੀ ਕਰੋੜਾਂ ਰੁਪਏ ਦੀ ਸ਼ਾਮਲਾਟ ਜ਼ਮੀਨ ਦਾ ਆਪਣੇ ਹੱਕ ਵਿੱਚ ਤਬਾਦਲਾ ਕਰਵਾਉਣ ਦੇ ਦੋਸ਼ ਲੱਗੇ ਹਨ।

ਇਸ ਸਬੰਧ ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪਿੰਡ ਵਾਸੀ ਬਲਜੀਤ ਸਿੰਘ ਦੀ ਪਟੀਸ਼ਨ ’ਤੇ ਸੁਣਵਾਈ ਦੌਰਾਨ ਸ਼ਾਮਲਾਟ ਜ਼ਮੀਨ ਦੇ ਤਬਾਦਲੇ ’ਤੇ ਰੋਕ ਲਾ ਦਿੱਤੀ ਹੈ। ਜ਼ਿਲ੍ਹਾ ਯੂਥ ਅਕਾਲੀ ਦਲ ਮੋਹਾਲੀ (ਸ਼ਹਿਰੀ) ਦੇ ਪ੍ਰਧਾਨ ਪਰਵਿੰਦਰ ਸਿੰਘ ਬੈਦਵਾਨ ਅਤੇ ਬਲਜੀਤ ਸਿੰਘ ਦੈੜੀ ਨੇ ਮੀਡੀਆ ਨੂੰ ਦੱਸਿਆ ਕਿ ਪਿੰਡ ਦੈੜੀ ਦੀ ਲਗਭਗ 43 ਕਨਾਲ ਪੰਚਾਇਤੀ ਜ਼ਮੀਨ ਦਾ ਤਬਾਦਲਾ ਪ੍ਰਾਈਵੇਟ ਫਰਮ ਨਾਲ ਹੋਇਆ ਹੈ, ਜਿਸ ਵਿੱਚ ਸਿਹਤ ਮੰਤਰੀ ਦਾ ਭਰਾ ਅਮਰਜੀਤ ਸਿੰਘ ਜੀਤੀ ਸਿੱਧੂ ਹਿੱਸੇਦਾਰ ਹੈ। ਉਨ੍ਹਾਂਕਿਹਾ ਕਿ ਬੀਤੀ 9 ਜੂਨ ਨੂੰ ਵਿੱਤ ਕਮਿਸ਼ਨਰ ਨੇ ਸ਼ਾਮਲਾਟ ਜ਼ਮੀਨ ਦਾ ਤਬਾਦਲਾ ਕਰਨ ਦੇ ਹੁਕਮ ਦਿੱਤੇ ਸਨ। ਇਸ ਬਾਰੇ ਪਿੰਡ ਵਾਸੀ ਬਲਜੀਤ ਸਿੰਘ ਨੇ ਹਾਈ ਕੋਰਟ ਵਿੱਚ ਅਰਜ਼ੀ ਦਿੱਤੀ ਸੀ।ਉਨ੍ਹਾਂ ਦੱਸਿਆ ਕਿ ਜਿਸ ਜ਼ਮੀਨ ਨਾਲ ਤਬਾਦਲਾ ਹੋਇਆ, ਉਸ ਦਾ ਲਗਭਗ ਛੇ ਏਕੜ ਫਰੰਟ ਮੋਹਾਲੀ ਕੌਮਾਂਤਰੀ ਏਅਰਪੋਰਟ ਸੜਕ (ਪੀ ਆਰ 9) ਨਾਲ ਲੱਗਦਾ ਹੈ, ਜਦੋਂ ਕਿ ਪ੍ਰਾਈਵੇਟ ਫਰਮ ਦੀ ਮਾਲਕੀ ਵਾਲੀ ਜ਼ਮੀਨ ਪਿੰਡ ਦੈੜੀ ਵਾਲੇ ਚੋਅ ਦੇ ਨਾਲ ਲੱਗਦੀ ਅਤੇ ਕਾਫੀ ਹਟਵੀਂ ਹੈ। ਬੈਦਵਾਨ ਨੇ ਦੱਸਿਆ ਕਿ ਤਬਾਦਲੇ ਤੋਂ ਪਹਿਲਾਂ ਜ਼ਮੀਨ ਦੀ ਮਾਰਕੀਟ ਵੈਲਿਊ ਵੀ ਨਹੀਂ ਪੁਆਈ ਗਈ। ਉਨ੍ਹਾਂ ਜ਼ਮੀਨ ਦਾ ਸੀ ਐਲ ਯੂ ਰੱਦ ਕਰਨ ਅਤੇ ਸੀ ਬੀ ਆਈ ਜਾਂ ਹਾਈ ਕੋਰਟ ਦੇ ਸਾਬਕਾ ਜੱਜ ਤੋਂ ਜਾਂਚ ਦੀ ਮੰਗ ਕੀਤੀ। ਦੂਸਰੇ ਪਾਸੇ ਅਮਰਜੀਤ ਸਿੰਘ ਸਿੱਧੂ ਨੇ ਸਾਰੇ ਦੋਸ਼ਾਂ ਨੂੰ ਬੇਬੁਨਿਆਦ ਅਤੇ ਸਿਆਸਤ ਤੋਂ ਪ੍ਰੇਰਿਤ ਦੱਸ ਕੇ ਕਿਹਾ ਕਿ ਜ਼ਮੀਨ ਦਾ ਤਬਾਦਲਾ ਸਰਕਾਰੀ ਨੇਮਾਂ ਮੁਤਾਬਕ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਆਪਣੀ ਜ਼ਮੀਨ ਵਿੱਚ ਜਾਣ ਲਈ ਪੰਚਾਇਤੀ ਜ਼ਮੀਨ ’ਚੋਂ ਲੰਘਣਾ ਪੈਂਦਾ ਹੈ। ਇਸ ਲਈ ਸਰਕਾਰੀ ਸ਼ਰਤਾਂ ਹੇਠ ਤਬਾਦਲਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਹੋਰ ਬਿਲਡਰਾਂ ਨੇ ਵੀ ਉਸੇ ਕਾਨੂੰਨ ਦੇ ਤਹਿਤ ਜ਼ਮੀਨ ਦਾ ਤਬਾਦਲਾ ਕੀਤਾ ਹੈ।

## ਭਾਜਪਾ ਪ੍ਰਧਾਨ ਉੱਤੇ ਹਮਲੇ ਬਾਰੇ ਕਿਸਾਨ ਯੂਨੀਅਨ ਦੇ ਵਰਕਰਾਂ ਉੱਤੇ ਕੇਸ ਦਰਜ



ਚੰਡੀਗੜ੍ਹ, 15 ਅਕਤੂਬਰ (ਪੋਸਟ ਬਿਊਰੋ)- ਬੀਤੀ 12 ਅਕਤੂਬਰ ਦੀ ਘਟਨਾ ਦਾ ਵੇਰਵਾ ਦਿੰਦੇ ਹੋਏ ਪੰਜਾਬ ਪੁਲਸ ਦੇ ਡੀ ਜੀ ਪੀ ਨੇ ਦੱਸਿਆ ਕਿ ਉਸ ਦਿਨ ਸ਼ਾਮ 7 ਵਜੇ ਦੇ ਕਰੀਬ ਵੱਖ-ਵੱਖ ਕਿਸਾਨ ਯੂਨੀਅਨਾਂ ਨਾਲ ਸਬੰਧਤ 25 ਵਰਕਰ ਅਚਾਨਕ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਦੀਆਂ ਗੱਡੀਆਂ ਦੇ ਕਾਫਲੇ ਸਾਹਮਣੇ ਆ ਕੇ ਖੜ੍ਹੇ ਹੋ ਗਏ ਅਤੇ ਉਹ ਕਾਲੇ /ਪੀਲੇ ਰੰਗ ਦੇ ਝੰਡੇ ਉਠਾ ਕੇ ਨੇਤਾ ਦੀ ਪਾਇਲਟ ਸੁਰੱਖਿਆ ਤੇ ਇਨੋਵਾ ਗੱਡੀ ਦੇ ਅੱਗੇ ਆ ਕੇ ਨਾਅਰੇਬਾਜ਼ੀ ਕਰਨ ਲੱਗ ਪਏ ਸਨ। ਇਸ ਬਾਰੇ ਡੀ ਜੀ ਪੀ ਨੇ ਦਸਿਆ ਕਿ ਇਹ ਲੋਕ ਤਕਰੀਬਨ 2 ਹਫ਼ਤਿਆਂ ਤੋਂ ਨੈਸ਼ਨਲ ਹਾਈਵੇ ਨੰਬਰ 1 ਉੱਤੇ ਪੈਂਦੇ ਚੌਲਾਂਗ ਇਲਾਕੇ ਦੇ ਟੋਲ ਪਲਾਜ਼ੇ ’ਤੇ ਬੈਠੇ ਹੋਏ ਸਨ।

ਪਤਾ ਲੱਗਾ ਹੈ ਕਿ ਉਸ ਦਿਨ ਦੀ ਘਟਨਾ ਦੌਰਾਨ 15-18 ਸੈਕਿੰਡ ਕਾਫਲੇ ਨੂੰ ਜਾਣ ਦਿੱਤਾ ਗਿਆ, ਪਰ ਪ੍ਰਦਰਸ਼ਨ ਕਰਦੇ ਲੋਕਾਂ ਵਿੱਚੋਂ ਇੱਕ ਵਿਅਕਤੀ ਨੇ ਝੰਡੇ ਦੀ ਸੋਟੀ ਨਾਲ ਇਨੋਵਾ ਦੇ ਪਿੱਛੇ ਦਾ ਸ਼ੀਸ਼ਾ ਤੋੜ ਦਿੱਤਾ। ਇਸ ਮੌਕੇ ਇਨੋਵਾ ਦੇ ਇੱਕ ਪਾਸੇ ਦੀ ਗਲਾਸ ਵਿੰਡੋ ਦਾ ਵੀ ਨੁਕਸਾਨ ਹੋਇਆ। ਸੁਰੱਖਿਆ ਇੰਚਾਰਜ ਏ ਐਸ ਆਈ ਹਰੀ ਰਾਮ ਅਤੇ ਪੰਜਾਬ ਪੁਲਸ ਦੇ ਤਿੰਨ ਕਮਾਂਡੋਜ਼ ਸਮੇਤ ਸੱਤ ਤੋਂ ਵੱਧ ਨਿੱਜੀ ਸੁਰੱਖਿਆ ਗਾਰਡ, ਜੋ ਘਟਨਾ ਦੇ ਸਮੇਂ ਸ਼ਰਮਾ ਦੇ ਨਾਲ ਸਨ, ਤੁਰੰਤ ਆਪਣੇ ਵਾਹਨਾਂ ਤੋਂ ਉਤਰੇ ਤੇ ਭਾਜਪਾ ਆਗੂ ਨੂੰ ਸੁੱਰਖਿਅਤ ਉਥੋਂ ਦੂਰ ਲੈ ਗਏ। ਉਨ੍ਹਾਂ ਨੂੰ ਦਸੂਹਾ (ਹੁਸ਼ਿਆਰਪੁਰ) ਥਾਣੇ ਲਿਜਾਇਆ ਗਿਆ, ਜਿੱਥੇ ਡੀ ਐਸ ਪੀ ਟਾਂਡਾ ਅਤੇ ਐਸ ਐਸ ਪੀ ਹੁਸ਼ਿਆਰਪੁਰ ਵੀ ਪਹੁੰਚ ਗਏ। ਏ ਐਸ ਆਈ ਹਰੀ ਸਿੰਘ ਅਤੇ ਅਸ਼ਵਨੀ ਸ਼ਰਮਾ ਦੇ ਪੀ ਐਸ ਓ ਦੇ ਬਿਆਨ ਉੱਤੇ ਪ੍ਰਦਰਸ਼ਨਕਾਰੀਆਂ ਦੇ ਖ਼ਿਲਾਫ਼ ਨੈਸ਼ਨਲ ਹਾਈਵੇ ਐਕਟ 1956 ਦੀ ਧਾਰਾ ਬੀ ਅਤੇ ਹੋਰ ਧਾਰਾਵਾਂ ਦਾ ਕੇਸ ਦਰਜ ਕੀਤਾ ਗਿਆ ਹੈ ਅਤੇ ਇਸ ਦੀ ਜਾਂਚ ਜਾਰੀ ਹੈ।

## ਕੇਂਦਰੀ ਮੰਤਰੀ ਦੀ ਵਰਚੁਅਲ ਮੀਟਿੰਗ ਕਿਸਾਨਾਂ ਨੇ ਬੰਦ ਕਰਵਾਈ



ਸੰਗਰੂਰ, 15 ਅਕਤੂਬਰ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਬਿੱਲਾਂ ਬਾਰੇ ਕਿਸਾਨਾਂ ਨੂੰ ਸਮਝਾਉਣ ਲਈ ਭਾਜਪਾ ਦੀ ਜ਼ਿਲ੍ਹਾ ਲੀਡਰਸ਼ਿਪ ਵੱਲੋਂ ਇਥੇ ਵੀਡੀਓ ਕਾਨਫਰੰਸਨਾਲ ਕੇਂਦਰੀ ਖੇਤੀ ਰਾਜ ਮੰਤਰੀ ਦੀ ਆਨਲਾਈਨ ਮੀਟਿੰਗ ਵਿੱਚ ਓਦੋਂ ਵਿਘਨ ਭੰਗ ਪੈ ਗਿਆ,ਜਦੋਂਇਸ ਮੌਕੇਆਗੂਆਂ ਦੀ ਅਗਵਾਈ ਹੇਠ ਸੈਂਕੜੇ ਕਿਸਾਨਾਂ ਨੇ ਸਰਵਹਿਤਕਾਰੀ ਸਕੂਲ ਨੂੰ ਘੇਰ ਲਿਆ। ਇਕੱਠੇ ਹੋਏ ਕਿਸਾਨਾਂ ਨੇ ਭਾਜਪਾ ਦੇ ਖਿਲਾਫ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਮਾਹੌਲ ਤਣਾਅ ਵਾਲਾ ਹੋਣ ਕਾਰਨ ਐਸ ਐਸ ਪੀ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਪੁਲਸ ਫੋਰਸ ਵੀ ਪਹੁੰਚ ਗਈ।

ਇਸ ਦੌਰਾਨ ਕਿਸਾਨ ਜਥੇਬੰਦੀਆਂ ਨੇ ਐਲਾਨ ਕੀਤਾ ਕਿ ਜੇ ਸਕੂਲ ਵਿੱਚ ਹੋ ਰਹੀ ਆਨਲਾਈਨ ਮੀਟਿੰਗ ਖਤਮ ਨਾ ਕਰਵਾਈ ਤਾਂ ਉਹ ਜਬਰੀ ਸਕੂਲ ਵਿੱਚ ਜਾ ਵੜਨਗੇ। ਇਸ ਪਿੱਛੋਂ ਪੁਲਸ ਅਧਿਕਾਰੀਆਂ ਨੇ ਸਕੂਲ ਅੰਦਰ ਜਾ ਕੇ ਭਾਜਪਾ ਆਗੂਆਂ ਨਾਲ ਗੱਲਬਾਤ ਕੀਤੀ ਤੇ ਬਾਹਰ ਆ ਕੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਮੀਟਿੰਗ ਖਤਮ ਕਰਵਾ ਦਿੱਤੀ ਹੈ। ਪੁਲਸ ਅਧਿਕਾਰੀਆਂ ਨੇ ਕੁਝ ਕਿਸਾਨ ਆਗੂਆਂ ਨੂੰ ਸਕੂਲ ਦਾ ਮੀਟਿੰਗ ਹਾਲਵਿਖਾਇਆ, ਜਿਸ ਪਿੱਛੋਂ ਉਹ ਸ਼ਾਂਤ ਹੋਏ।

ਵਰਣਨ ਯੋਗ ਹੈ ਕਿ ਭਾਜਪਾ ਦੀ ਜ਼ਿਲ੍ਹਾ ਲੀਡਰਸ਼ਿਪ ਵੱਲੋਂ ਸਥਾਨਕ ਸਰਵਹਿਤਕਾਰੀ ਵਿਦਿਆ ਮੰਦਰ (ਸਕੂਲ) ਵਿੱਚ ਕੇਂਦਰ ਖੇਤੀ ਰਾਜ ਮੰਤਰੀ ਕੈਲਾਸ਼ ਚੌਧਰੀ ਦੀ ਵੀਡੀਓ ਕਾਨਫਰੰਸ ਮੀਟਿੰਗ ਦਾ ਪ੍ਰਬੰਧ ਕੀਤਾ ਗਿਆ ਸੀ। ਖੇਤੀ ਰਾਜ ਮੰਤਰੀ ਨੇ ਵੀਡੀਓ ਕਾਨਫਰੰਸ ਰਾਹੀਂ ਮੀਡੀਆ ਨਾਲ ਗੱਲਬਾਤ ਕੀਤੀ ਤੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੱਤੇ। ਇਸ ਮੌਕੇ ਮੀਟਿੰਗ ਵਿੱਚ ਖੇਤੀ ਬਿੱਲਾਂ ਬਾਰੇ ਕਿਸਾਨਾਂ ਨੂੰ ਵੀ ਸਮਝਾਉਣਾ ਸੀ, ਪਰ ਮੀਟਿੰਗ ਦੌਰਾਨ ਕੋਈ ਕਿਸਾਨ ਨਜ਼ਰ ਨਹੀਂ ਆਇਆ। ਇਸ ਮੀਟਿੰਗ ਵਿੱਚ ਬੈਠੇ ਕੁਝ ਲੋਕਾਂ ਨੂੰ ਜਦੋਂ ਮੀਡੀਆ ਨੇ ਪੁੱਛਿਆ ਕਿ ਕੀ ਤੁਸੀਂ ਕਿਸਾਨ ਹੋ ਤਾਂ ਉਨ੍ਹਾਂਕਿਹਾ ਕਿ ਉਹ ਪੱਲੇਦਾਰ ਹਨ ਅਤੇ ਅਨਾਜ ਮੰਡੀ ਧੂਰੀ ਤੋਂ ਆਏ ਹਨ। ਮੀਟਿੰਗ ਵਿੱਚ ਭਾਜਪਾ ਦੇ ਸੂਬਾ ਆਗੂ ਜਤਿੰਦਰ ਕਾਲੜਾ, ਭਾਜਪਾ ਕਿਸਾਨ ਆਗੂ ਸਤਵੰਤ ਸਿੰਘ ਪੂਨੀਆਂ, ਜ਼ਿਲ੍ਹਾ ਪ੍ਰਧਾਨ ਰਣਦੀਪ ਸਿੰਘ ਦਿਓਲ ਤੇ ਹੋਰ ਲੋਕ ਮੌਜੂਦ ਸਨ।

ਭਾਜਪਾ ਦੀ ਵੀਡੀਓ ਕਾਨਫਰੰਸਿੰਗ ਦਾ ਪਤਾ ਲੱਗਣ ਉਤੇ ਕੁਝ ਨੌਜਵਾਨ ਕਿਸਾਨ ਮੀਟਿੰਗ ਵਾਲੇ ਸਕੂਲ ਅੱਗੇ ਪੁੱਜੇ ਅਤੇ ਧਰਨੇ ’ਤੇ ਬੈਠਦਿਆਂ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਓਥੇ ਤੈਨਾਤ ਪੁਲਸ ਨੇ ਉਨ੍ਹਾਂ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਸੜਕ ’ਤੇ ਲੰਮੇ ਪੈ ਗਏ। ਇਸ ਦੀ ਖਬਰ ਜਦੋਂ ਰੇਲਵੇ ਸਟੇਸ਼ਨ ’ਤੇ ਚੱਲਦੇ ’ਰੇਲ ਰੋਕੋ ਅੰਦੋਲਨ’ ਵਾਲੇ ਧਰਨੇ ਵਿੱਚ ਪੁੱਜੀ ਤਾਂ ਸੈਂਕੜਿਆਂ ਦੀ ਗਿਣਤੀ ਵਿੱਚ ਕਿਸਾਨ ਇਸ ਸਕੂਲ ਅੱਗੇ ਪੁੱਜੇ ਅਤੇ ਘਿਰਾਓ ਕਰ ਕੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸ ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਜਥੇਬੰਦੀਆਂ ਵੱਲੋਂ ਕੀਤੇ ਐਲਾਨ ਦੇ ਮੁਤਾਬਕ ਉਹ ਪੰਜਾਬ ਵਿੱਚ ਭਾਜਪਾ ਦਾ ਕੋਈ ਪ੍ਰੋਗਰਾਮ ਨਹੀਂ ਹੋਣ ਦੇਣਗੇ। ਉਨ੍ਹਾਂਜ਼ਿਲ੍ਹਾ ਪੁਲਸ ਮੁਖੀ ਦੀ ਭੂਮਿਕਾ ਉੱਤੇ ਵੀ ਸਵਾਲ ਉਠਾਏ।

## ਹਾਈ ਕੋਰਟ ਵੱਲੋਂ ਢਿੱਡਲ ਪੁਲਸ ਮੁਲਾਜ਼ਮਾਂ ਦੇ ਫਿਟਨੈਸ ਦਾ ਟੈਸਟ ਲੈਣ ਦੇ ਹੁਕਮ

ਮੋਗਾ, 15 ਅਕਤੂਬਰ (ਪੋਸਟ ਬਿਊਰੋ)- ਇਸ ਜ਼ਿਲੇ ਦੀ ਪੁਲਸ ਵੱਲੋਂ ਬਰਾਮਦ ਚਾਰ ਕਿਲੋ ਡੋਡਿਆਂ ਨੇ ਸੂਬੇ ਭਰ ਵਿੱਚ ਮੋਟੇ ਢਿੱਡ ਵਾਲੇ ਪੁਲਸ ਮੁਲਾਜ਼ਮਾਂ ਨੂੰ ਵਖਤ ਪਾ ਦਿੱਤਾ ਹੈ। ਪੰਜਾਬ ਹਰਿਆਣਾ ਹਾਈ ਕੋਰਟ ਨੇ ਡੀ ਜੀ ਪੀ ਬਿਊਰੋ ਆਫ ਇਨਵੈਸਟੀਗੇਸ਼ਨ ਨੂੰ ਡਾਕਟਰਾਂ ਦੀ ਨਿਗਰਾਨੀ ਹੇਠ ਪੁਲਸ ਅਕੈਡਮੀ ਵਿੱਚ ਮੋਟੇ ਪੁਲਸ ਮੁਲਾਜ਼ਮਾਂ ਦਾ ਸਰੀਰਕ ਫਿਟਨੈਸ ਟੈਸਟ ਲੈਣ ਦਾ ਹੁਕਮ ਦਿੱਤਾ ਤੇ ਕਿਹਾ ਕਿ ਲੋੜ ਹੋਵੇ ਤਾਂ ਉਨ੍ਹਾਂ ਨੂੰ ਤਿੰਨ ਮਹੀਨੇ ਦੀ ਸਰੀਰਕ ਫਿਟਨੈਸ ਸਿਖਲਾਈ ਦਿਤੀ ਜਾਏ। ਇਹ ਆਪਣੇ ਆਪ ਵਿੱਚ ਵੱਖਰੀ ਤਰ੍ਹਾਂ ਦਾ ਹੁਕਮ ਦਿੱਤਾ ਗਿਆ ਹੈ।

ਵਰਣਨ ਯੋਗ ਹੈ ਕਿ ਥਾਣਾ ਨਿਹਾਲ ਸਿੰਘ ਵਾਲਾ ਪੁਲਸ ਨੇ 16 ਸਤੰਬਰ ਨੂੰ ਚਾਰ ਕਿਲੋ ਡੋਡੇ ਬਰਾਮਦ ਕੀਤੇ ਸਨ, ਪਰ ਦੋਸ਼ੀ ਫੜਿਆ ਨਹੀਂ ਸੀ ਗਿਆ। ਕੇਸ ਦੀ ਰਿਪੋਰਟ ਮੁਤਾਬਕ ਪੁਲਸ ਨੂੰ ਪਹਿਲਾਂ ਤੋਂਦੋਸ਼ੀ ਮਲਕੀਤ ਸਿੰਘ ਵਾਸੀ ਕਿਸ਼ਨਗੜ੍ਹਦੀ ਜਾਣਕਾਰੀ ਸੀ। ਇਸ ਦੋਸ਼ੀ ਨੇ ਅਗਾਊਂ ਜ਼ਮਾਨਤ ਲਈ ਹਾਈ ਕੋਰਟ ਪਹੁੰਚ ਕੀਤੀ ਸੀ। ਉਸ ਦੇ ਵਕੀਲ ਰਾਜੇਸ਼ ਭਠੇਜਾ ਨੇ ਹਾਈ ਕੋਰਟ ’ਚ ਅਰਜ਼ੀ ਉਤੇ ਸੁਣਵਾਈ ਦੌਰਾਨ ਅਜਿਹੇ ਨੁਕਤੇ ਉਠਾਏ ਕਿ ਦੋਸ਼ੀ ਦੇ ਖਿਲਾਫ ਪਹਿਲਾਂ ਕੋਈ ਕੇਸ ਦਰਜ ਨਹੀਂ, ਉਸ ਦੀ ਉਮਰ 45 ਸਾਲ ਹੈ ਤੇ ਕੇਸ ਦੀ ਸਾਰੀ ਕਹਾਣੀ ਨੂੰ ਝੂਠਾ ਦੱਸ ਕੇ ਉਸ ਨੇ ਕਿਹਾ ਕਿ ਪੁਲਸ ਪਾਰਟੀ ਵਿੱਚ ਨੌਜਵਾਨ ਪੁਲਸ ਵਾਲੇ ਵੀ ਸਨ, ਫਿਰ ਉਹ ਮੁਲਜ਼ਮ ਨੂੰ ਕਾਬੂ ਕਿਉਂ ਨਹੀਂ ਕਰ ਸਕੇ। ਹਾਈ ਕੋਰਟ ਨੇ ਦੋਸ਼ੀ ਦੀ ਅਗਾਊਂ ਜ਼ਮਾਨਤ ਅਰਜ਼ੀ ਮਨਜ਼ੂਰ ਕਰਦਿਆਂ ਇਹ ਹੁਕਮ ਦੇ ਦਿਤਾ ਜਿਸ ਨਾਲ ਪੰਜਾਬ ਭਰ ਵਿੱਚ ਮੋਟੇ ਢਿੱਡ ਵਾਲੇ ਪੁਲਸ ਮੁਲਾਜ਼ਮਾਂ ਨੂੰ ਫਿਕਰ ਪੈ ਗਿਆ ਹੈ। ਜਸਟਿਸ ਅਰਵਿੰਦ ਸਿੰਘ ਸੰਗਵਾਲ ਨੇ ਕਿਹਾ ਕਿ ਆਮ ਤੌਰ ’ਤੇ ਬਹੁਤੇ ਕੇਸਾਂ ਵਿੱਚ ਕਿਹਾ ਜਾਂਦਾ ਹੈ ਕਿ ਦੋਸ਼ੀ ਫਰਾਰ ਹੋ ਗਿਆ ਹੈ। ਇਸ ਲਈ ਅਨਫਿਟ ਪੁਲਸ ਮੁਲਾਜ਼ਮਾਂ ਨੂੰ ਛਾਪਾ ਮਾਰਨ ਦੀ ਥਾਂ ਪੁਲਸ ਅਕੈਡਮੀ ਵਿੱਚ ਭੇਜ ਕੇਉਨ੍ਹਾਂ ਦਾ ਡਾਕਟਰਾਂ ਦੀ ਨਿਗਰਾਨੀ ਹੇਠ ਸਰੀਰਕ ਟੈਸਟ ਲਿਆ ਜਾਵੇ, ਕਿਉਂਕਿ ਅਨਫਿਟ ਪੁਲਸ ਮੁਲਾਜ਼ਮ ਹੀ ਅਪਰਾਧੀਆਂ ਨੂੰ ਫੜਨ ਵਿੱਚ ਸਫਲਨਹੀਂ ਹੁੰਦੇ। ਇਸ ਕੇਸ ਵਿੱਚ ਵੀ ਇਹੋ ਹੋਇਆ ਕਿ ਪੁਲਸ ਨੂੰ ਗੁਪਤ ਸੂਚਨਾ ਸੀ ਕਿ ਦੋਸ਼ੀ ਮਲਕੀਤ ਸਿੰਘ ਕੋਲ ਨਸ਼ੀਲਾ ਪਦਾਰਥ ਹੈ। ਉਹ ਪੁਲਸ ਨੂੰ ਦੇਖ ਕੇ ਪਲਾਸਟਿਕ ਵਾਲਾ ਬੈਗ ਸੁੱਟ ਕੇ ਫਰਾਰ ਹੋ ਗਿਆ। ਹੌਲਦਾਰ ਜਗਜੀਤ ਸਿੰਘ ਨੇ ਉਸ ਦਾ ਪਿੱਛਾ ਵੀ ਕੀਤਾ, ਪਰ ਉਹ ਭੱਜਣ ਵਿੱਚ ਕਾਯਮਾਬ ਹੋ ਗਿਆ। ਪੁਲਸ ਮੁਤਾ-ਬਕ ਪਲਾਸਟਿਕ ਦੇ ਲਿਫਾਫੇ ਵਿੱਚ ਚਾਰ ਕਿਲੋ ਡੋਡੇ ਸਨ।ਹਾਈ ਕੋਰਟ ਨੇ ਏ ਡੀ ਜੀ ਪੀ ਬਿਊਰੋ ਆਫ ਇਨਵੈਸਟੀਗੇਸ਼ਨ ਨੂੰ ਹੁਕਮ ਦਿੱਤਾ ਕਿ ਵੱਧ ਭਾਰ ਅਤੇ ਵੱਡੀ ਉਮਰ ਵਾਲੇ ਪੁਲਸ ਮੁਲਾਜ਼ਮਾਂ ਦਾ ਡਾਕਟਰੀ ਟੀਮ ਦੀ ਨਿਗਰਾਨੀ ਹੇਠ ਸਰੀਰਕ ਟੈਸਟ ਲਿਆ ਜਾਵੇ ਅਤੇ ਲੋੜ ਹੋਵੇ ਤਾਂ ਉਨ੍ਹਾਂ ਨੂੰ ਤਿੰਨ ਮਹੀਨੇ ਡਾਕਟਰਾਂ ਦੀ ਨਿਗਰਾਨੀ ਹੇਠ ਪੁਲਸ ਅਕੈਡਮੀ ਵਿਚ ਫਿੱਟ ਰੱਖਣ ਦੀ ਸਿਖਲਾਈ ਦਿੱਤੀ ਜਾਵੇ।





# ਹਾਥਰਸ ਕੇਸ ਵਿੱਚ ਪੀੜਤ ਪਰਿਵਾਰ ਨੂੰ ਤਿੰਨ ਪੱਧਰੀ ਸੁਰੱਖਿਆ ਦਿੱਤੀ ਗਈ

ਨਵੀਂ ਦਿੱਲੀ, 15 ਅਕਤੂਬਰ (ਪੋਸਟ ਬਿਊਰੋ)- ਹਾਥਰਸ ਸਮੂਹਿਕ ਬਲਾਤਕਾਰ ਅਤੇ ਕਤਲ ਕੇਸ ਵਿੱਚ ਉਤਰ ਪ੍ਰਦੇਸ਼ ਦੀ ਸਰਕਾਰ ਨੇ ਕੱਲ੍ਹ ਸੁਪਰੀਮ ਕੋਰਟ ਨੂੰ ਦੱਸਿਆ ਕਿ ਇਸ ਕਾਂਡ ਦੇ ਪੀੜਤਾ ਦੇ ਪਰਵਾਰਕ ਮੈਂਬਰਾਂ ਅਤੇ ਹੋਰ ਗਵਾਹਾਂ ਦੀ ਸੁਰੱਖਿਆ ਦੇ ਲਈ ਤਿੰਨ ਪੱਧਰੀ ਵਿਵਸਥਾ ਕੀਤੀ ਗਈ ਹੈ। ਰਾਜ ਸਰਕਾਰ ਨੇ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਕਿ ਇਸ ਕੇਸ ਦੀ ਜਾਂਚ ਕਰ ਰਹੀ ਸੀ ਬੀ ਆਈ ਨੂੰ ਜਾਂਚ ਦੀ ਪ੍ਰਗਤੀ ਰਿਪੋਰਟ ਹਰ ਪਖਵਾੜੇ ਰਾਜ ਸਰਕਾਰ ਨੂੰ ਦੇਣ ਲਈ ਹੁਕਮ ਦਿੱਤਾ ਜਾਏ, ਜਿਸ ਨੂੰ ਓਥੋਂ ਦੇ ਡੀ ਜੀ ਪੀ ਸੁਪਰੀਮ ਕੋਰਟ ਵਿੱਚ ਪੇਸ਼ ਕਰ ਸਕਦੇ ਹਨ।



ਉੱਤਰ ਪ੍ਰਦੇਸ਼ ਸਰਕਾਰ ਪਹਿਲਾਂ ਹੀ ਸੁਪਰੀਮ ਕੋਰਟ ਤੋਂ ਸੀ ਬੀ ਆਈ ਜਾਂਚ ਆਪਣੀ ਨਿਗਰਾਨੀ ਵਿੱਚ ਕਰਾਉਣ ਦੀ ਅਪੀਲ ਕਰ ਚੁੱਕੀ ਹੈ। ਅਜਿਹਾ ਘੱਟ ਹੀ ਦੇਖਣ ਨੂੰ ਮਿਲਦਾ ਹੈ ਕਿ ਸੀ ਬੀ ਆਈ ਜਾਂਚ ਦੀ ਸਿਫਾਰਸ਼ ਕਰ ਚੁੱਕੀ ਰਾਜ ਸਰਕਾਰ ਹੀ ਸੁਪਰੀਮ ਕੋਰਟ ਨੂੰ ਜਾਂਚ ਦੀ ਨਿਗਰਾਨੀ ਦੀ ਅਪੀਲ ਕਰੇ। ਕੋਰਟ ਵਿੱਚ ਆਪਣੇ ਐਫੀਡੇਵਿਟ ਵਿੱਚ ਉਤਰ ਪ੍ਰਦੇਸ਼ ਸਰਕਾਰ ਨੇ ਕਿਹਾ ਕਿ ਉਹ ਇਸ ਕੇਸ ਦੀ ਆਜ਼ਾਦ ਅਤੇ ਨਿਰਪੱਖ ਜਾਂਚ ਯਕੀਨੀ ਕਰਨ ਲਈ ਪੀੜਤਾ ਦੇ ਪਰਵਾਰ ਅਤੇ ਗਵਾਹਾਂ ਨੂੰ ਪੂਰੀ ਸੁਰੱਖਿਆ ਦੇਣ ਲਈ ਵਚਨਬੱਧ ਹੈ।

ਇਸ ਕੇਸ ਨਾਲ ਜੁੜੀ ਇੱਕ ਅਰਜ਼ੀ ’ਤੇ ਸੁਣਵਾਈ ਦੌਰਾਨ ਛੇ ਅਕਤੂਬਰ ਨੂੰ ਸੁਪਰੀਮ ਕੋਰਟ ਨੇ ਇਸ ਘਟਨਾ ਦੀ ਨੂੰ ‘ਘਿਨੌਣਾ’ ਕਿਹਾ ਸੀ। ਰਾਜ ਸਰਕਾਰ ਨੇ ਕਿਹਾ ਹੈ ਕਿ ਮ੍ਰਿਤਕ ਕੁੜੀ ਦੇ ਮਾਤਾ-ਪਿਤਾ, ਦੋ ਭਰਾ, ਇੱਕ ਭਰਜਾਈ ਅਤੇ ਉਸ ਦੀ ਦਾਦੀ ਦੀ ਸੁਰੱਖਿਆ ਲਈ ਲੋੜੀਂਦੀ ਗਿਣਤੀ ਵਿੱਚ ਸੁਰੱਖਿਆ ਮੁਲਾਜ਼ਮ ਲਾਏ ਗਏ ਹਨ। ਪਿੰਡ ਦੀ ਇੰਟਰੀ ਅਤੇ ਉਸ ਦੇ ਘਰ ਦੇ ਨੇੜੇ ਦੋ ਇੰਸਪੈਕਟਰ ਅਤੇ ਚਾਰ ਮਹਿਲਾ ਸਿਪਾਹੀਆਂ ਸਮੇਤ ਕੁੱਲ 16 ਪੁਲਸ ਮੁਲਾਜ਼ਮ ਤੈਨਾਤ ਹਨ। ਇਸੇ ਤਰ੍ਹਾਂ ਪੀੜਤਾਂ ਦੇ ਘਰ ਦੇ ਬਾਹਰ 24 ਘੰਟੇ ਦੋ ਸਬ ਇੰਸਪੈਕਟਰ ਤੇ 1.5 ਪੀ ਏ ਸੀ ਸੈਕਸ਼ਨ ਤੈਨਾਤ ਹਨ। ਪੀੜਤਾ ਦੇ ਪਰਵਾਰ ਦੇ ਮੈਂਬਰਾਂ ਦੀ ਸੁਰੱਖਿਆ ਲਈ ਹਥਿਆਰਬੰਦ ਨਿੱਜੀ ਸੁਰੱਖਿਆ ਮੁਲਾਜ਼ਮ ਲਾਏ ਗਏ ਹਨ। ਐਫੀਡੇਵਿਟ ਵਿੱਚ ਕਿਹਾ ਗਿਆ ਹੈ ਕਿ ਪਿੰਡ ਵਿੱਚ ਲੱਗੇ ਸੁਰੱਖਿਆ ਮੁਲਾਜ਼ਮਾਂ ਨੂੰ ਸਖਤ ਹਦਾਇਤ ਹੈ ਕਿ ਪਰਵਾਰ ਦੇ ਕਿਸੇ ਮੈਂਬਰ ਜਾਂ ਗਵਾਹ ਦੀ ਨਿੱਜਤਾ ਵਿੱਚ ਕਿਸੇ ਹਾਲਤ ਦਖਲ ਨਾ ਦਿੱਤਾ ਜਾਏ। ਉਹ ਕਿਤੇ ਵੀ ਆਉਣ-ਜਾਣ ਅਤੇ ਲੋਕਾਂ ਨੂੰ ਮਿਲਣ ਲਈ ਆਜ਼ਾਦ ਹਨ। ਐਫੀਡੇਵਿਟ ਅਨੁਸਾਰ ਪੀੜਤ ਦੇ ਭਰਾ ਨੇ ਪੁਲਸ ਨੂੰ ਲਿਖਤੀ ਦੱਸਿਆ ਹੈ ਕਿ ਉਨ੍ਹਾਂ ਨੇ ਪਰਵਾਰ ਨੇ ਵਕੀਲਾਂ ਦੀਆਂ ਸੇਵਾਵਾਂ ਲੈ ਲਈਆਂ ਹਨ, ਪਰ ਉਨ੍ਹਾਂ ਨੇ ਇਹ ਅਪੀਲ ਵੀ ਕੀਤੀ ਹੈ ਕਿ ਸਰਕਾਰੀ ਵਕੀਲ ਵੀ ਕੇਸ ਨੂੰ ਦੇਖੇ।

# ਵਿਕਾਸ ਦੇ ਜੀ ਡੀ ਪੀ ਵਾਲੇ ਨੁਕਤੇ ਤੋਂ ਭਾਰਤ ਨਾਲੋਂ ਬੰਗਲਾ ਦੇਸ਼ ਵੀ ਅੱਗੇ ਜਾਂਦਾ ਪਿਐ

ਨਵੀਂ ਦਿੱਲੀ, 15 ਅਕਤੂਬਰ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਾਰ ਦੇ ਦੌਰਾਨ ਭਾਰਤੀ ਅਰਥ ਵਿਵਸਥਾ ਉਤੇ ਪਈ ਮਾਰ ਉਸ ਨੂੰ ਪ੍ਰਤੀ ਵਿਅਕਤੀ ਕੁਲ ਘਰੇਲੂ ਉਤਪਾਦ (ਜੀ ਡੀ ਪੀ) ਦੇ ਮਾਮਲੇ ’ਚ ਬੰਗਲਾ ਦੇਸ਼ ਤੋਂ ਵੀ ਪਿੱਛੇ ਲਿਜਾ ਸਕਦੀ ਹੈ। ਕੌਮਾਂਤਰੀ ਕਰੰਸੀ ਫੰਡ (ਆਈ ਐਮ ਐਫ) ਦੇ ਅਨੁਮਾਨ ਮੁਤਾਬਕ ਬੰਗਲਾ ਦੇਸ਼ ਦੀ ਪ੍ਰਤੀ ਵਿਅਕਤੀ ਜੀ ਡੀ ਪੀ 2020 ਵਿੱਚ ਚਾਰ ਫੀਸਦੀ ਦੀ ਦਰ ਨਾਲ ਵਧ ਦੇ ਨਾਲ 1.888 ਡਾਲਰ ਦੇ ਲੈਵਲ ’ਤੇ ਜਾ ਸਕਦੀ ਹੈ। ਇਸ ਦੌਰਾਨ ਬੀਤੇ ਚਾਰ ਸਾਲਾਂ ਵਿੱਚ ਪ੍ਰਤੀ ਵਿਅਕਤੀ ਜੀ ਡੀ ਪੀ ਦੇ ਪੱਖੋਂ ਇਹ ਭਾਰਤ ਦਾ ਸਭ ਤੋਂ ਕਮਜ਼ੋਰ ਪ੍ਰਦਰਸ਼ਨ ਹੋਵੇਗਾ। ਦੋਹਾਂ ਦੇਸ਼ਾਂ ਦੀ ਸੰਭਾਵਿਤ ਜੀ ਡੀ ਪੀ ਦਾ ਇਹ ਅਨੁਮਾਨ ਮੌਜੂਦਾ ਅੰਕੜਿਆਂ ਨਾਲ ਵਿਚਾਰਿਆ ਗਿਆ ਹੈ। ਜੇ ਅਜਿਹਾ ਹੋਵੇ ਤਾਂ ਪ੍ਰਤੀ ਵਿਅਕਤੀ ਜੀ ਡੀ ਪੀ ਵਿੱਚ ਭਾਰਤ ਦੱਖਣੀ ਏਸ਼ੀਆ ਵਿੱਚ ਸਿਰਫ ਪਾਕਿਸਤਾਨ ਤੇ ਨੇਪਾਲ ਤੋਂ ਅੱਗੇ ਹੋਵੇਗਾ, ਇਸ ਤੋਂ ਇਲਾਵਾ ਬੰਗਲਾ ਦੇਸ਼, ਭੂਟਾਨ, ਸ਼੍ਰੀਲੰਕਾ ਅਤੇ ਮਾਲਦੀਵ ਵਰਗੇ ਦੇਸ਼ ਵੀ ਭਾਰਤ ਤੋਂ ਅੱਗੇ ਹੋਣਗੇ।



ਪੰਜ ਸਾਲ ਪਹਿਲਾਂ ਤੱਕ ਭਾਰਤ ਦੀ ਪ੍ਰਤੀ ਵਿਅਕਤੀ ਜੀ ਡੀ ਪੀ ਬੰਗਲਾ ਦੇਸ਼ ਦੇ ਮੁਕਾਬਲੇ 40 ਫੀਸਦੀ ਵੱਧ ਸੀ, ਪਰ ਇਸ ਸਮੇਂ ਦੌਰਾਨ ਬੰਗਲਾ ਦੇਸ਼ ਦੀ ਪ੍ਰਤੀ ਵਿਅਕਤੀ ਜੀ ਡੀ ਪੀ ਵਿੱਚ 9.1 ਫੀਸਦੀ ਕੰਪਾਊਂਡ ਸਾਲਾਨਾ ਗ੍ਰੋਥ ਹੋਈ ਹੈ, ਜਦੋਂ ਕਿ ਭਾਰਤ ਦੀ ਗ੍ਰੋਥ 3.2 ਫੀਸਦੀ ਰਹੀ ਹੈ। ਇਸ ਤਰ੍ਹਾਂ ਪ੍ਰਤੀ ਵਿਅਕਤੀ ਜੀ ਡੀ ਪੀ ਵਿੱਚ ਬੰਗਲਾ ਦੇਸ਼ ਭਾਰਤ ਦੇ ਕਰੀਬ ਆ ਗਿਆ ਹੈ। ਉਂਜ ਕਿਹਾ ਗਿਆ ਹੈ ਕਿ 2021 ’ਚ ਭਾਰਤ ਇੱਕ ਵਾਰ ਮੁੜ ਜ਼ੋਰਦਾਰ ਵਾਪਸੀ ਕਰੇਗਾ।

## ਤੇਲੰਗਾਨਾ ਵਿੱਚ ਭਾਰੀ ਬਾਰਿਸ਼ ਕਾਰਨ 15 ਲੋਕਾਂ ਦੀ ਮੌਤ

ਹੈਦਰਾਬਾਦ, 15 ਅਕਤੂਬਰ (ਪੋਸਟ ਬਿਊਰੋ)- ਤੇਲੰਗਾਨਾ ਦੇ ਕਈ ਹਿੱਸਿਆਂ ਵਿੱਚ ਲਗਾਤਾਰ ਬਾਰਿਸ਼ ਕਾਰਨ ਵਾਪਰੇ ਕੁਝ ਹਾਦਸਿਆਂ ਵਿੱਚ ਘੱਟੋ-ਘੱਟ 15 ਲੋਕਾਂ ਦੀ ਮੌਤ ਹੋ ਗਈ ਹੈ। ਸੜਕਾਂ ਤੇ ਹੇਠਲੇ ਇਲਾਕਿਆਂ ਵਿੱਚ ਪਾਣੀ ਭਰ ਗਿਆ ਹੈ। ਪੁਲਸ ਨੇ ਦੱਸਿਆ ਕਿ ਭਾਰੀ ਮੀਂਹ ਕਾਰਨ ਇਬ੍ਰਾਹਿਮ ਪੱਟਨਮ ਇਲਾਕੇ ਵਿੱਚ ਇੱਕ ਪੁਰ-ਾਣੇ ਮਕਾਨ ਦੀ ਛੱਤ ਢਹਿਣ ਨਾਲ 40 ਸਾਲਾ ਮਹਿਲਾ ਅਤੇ ਉਸ ਦੀ ਧੀ ਦੀ ਮੌਤ ਹੋ ਗਈ ਹੈ।

ਇਸ ਦੌਰਾਨ ਇੱਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਦੇਰ ਰਾਤ ਚੰਦਰਨਗੁੱਟਾ ਵਿੱਚ ਇੱਕ ਪਹਾੜ ਤੋਂ ਕੁਝ ਪੱਥਰ ਖਿਸਕ ਕੇ ਦੋ ਮਕਾਨਾਂ ਦੀਆਂ ਕੰਧਾਂ ਉੱਤੇ ਡਿੱਗ ਪਏ, ਜਿਸ ਕਾਰਨ ਅੱਠ ਲੋਕਾਂ ਦੀ ਮੌਕੇ ’ਤੇ ਮੌਤ ਹੋ ਗਈ ਅਤੇ ਤਿੰਨ ਹੋਰ ਲੋਕ ਜ਼ਖ਼ਮੀ ਹੋ ਗਏ। ਅਧਿਕਾਰੀ ਨੇ ਦੱਸਿਆ ਕਿ ਇਸ ਇਲਾਕੇ ਵਿੱਚ ਦੋ ਹੋਰ ਲੋਕਾਂ ਦੀ ਮੌਤ ਹੋਣ ਦੀ ਜਾਣਕਾਰੀ ਮਿਲੀ ਹੈ। ਸਰਕਾਰੀ ਅੰਕੜਿਆਂ ਮੁਤਾਬਕ ਮੇਡਚਲ ਮਲਕਾਨਗਿਰੀ ਜ਼ਿਲ੍ਹੇ ਦੇ ਸਿੰਗਾਪੁਰ ਟਾਊਨਸ਼ਿਪ ਵਿੱਚ 292.5 ਮਿਲੀਮੀਟਰ ਬਾਰਿਸ਼ ਹੋਈ ਅਤੇ ਯਦਾਦਰੀ-ਭੋਂਗੀਰ ਜ਼ਿਲ੍ਹੇ ਦੇ ਵਰਕੇਲ ਪਾਲੇ ਵਿੱਚ 250.8 ਮਿਲੀਮੀਟਰ ਬਾਰਿਸ਼ ਦਰਜ ਕੀਤੀ ਗਈ। ਪੁਲਸ ਪਾਰਟੀਆਂ ਅਤੇ ਐਨ ਡੀ ਆਰ ਐਫ (ਕੌਮੀ ਆਫਤ ਰਿਲੀਫ ਫੋਰਸ) ਦੇ ਐਮਰਜੈਂਸੀ ਕਾਰਵਾਈ ਦਸਤੇ (ਈ ਆਰ ਐਫ) ਦੇ ਮੁਲਾਜ਼ਮਾਂ ਨੇ ਉਨ੍ਹਾਂ ਥਾਵਾਂ ਤੋਂ ਕਈ ਪਰਵਾਰਾਂ ਨੂੰ ਕੱਢਿਆ, ਜਿੱਥੇ ਪਾਣੀ ਭਰ ਗਿਆ ਸੀ। ਪੁਲਸ ਨੇ ਦੱਸਿਆ ਕਿ ਉਪਲ ਵਿੱਚ ਪਾਣੀ ਭਰਨ ਨਾਲ ਇੱਕ ਸਰਕਾਰੀ ਬੱਸ ਦੇ ਫਸ ਗਏ ਘੱਟੋ-ਘੱਟ 33 ਲੋਕਾਂ ਨੂੰ ਬਚਾਇਆ ਹੈ। ਭਦਰਾਦਰੀ-ਕੋਠਾਗੁਡੇਮ ਜ਼ਿਲ੍ਹੇ ਵਿੱਚ ਪਾਣੀ ਦੇ ਸਟੋਰਾਂ ਵਿੱਚ ਪਾਣੀ ਦਾ ਪਧਰ ਵਧ ਗਿਆ ਅਤੇ ਪ੍ਰਸ਼ਾਸਨ ਨੇ ਲੋਕਾਂ ਨੂੰ ਪਾਣੀ ਦੇ ਸਟੋਰਾਂ ਨੇੜੇ ਨਾ ਜਾਣ ਦੀ ਸਲਾਹ ਦਿੱਤੀ ਹੈ।

## ਹਾਥੀ ’ਤੇ ਚੜ੍ਹ ਕੇ ਯੋਗ ਕਰ ਰਹੇ ਬਾਬਾ ਰਾਮਦੇਵ ਹੇਠਾਂ ਡਿੱਗੇ

ਮਥੁਰਾ, 15 ਅਕਤੂਬਰ (ਪੋਸਟ ਬਿਊਰੋ)- ਜ਼ਿਲ੍ਹੇ ਦੇ ਗੋਕੁਲ ਰਮਨਰੇਤੀ ਇਲਾਕੇ ਵਿਚ ਗੁਰੂ ਸ਼ਰਨਾਨੰਦ ਆਸ਼ਰਮ ਵਿੱਚ ਹਾਥੀ ਉੱਤੇ ਯੋਗ ਕਰਦੇ ਸਮੇਂ ਬਾਬਾ ਰਾਮਦੇਵ ਡਾਵਾਂਡੋਲ ਹੋ ਕੇ ਡਿੱਗ ਪਏ। ਬਾਬਾ ਨੂੰ ਏਦਾਂ ਡਿੱਗਦਿਆਂ ਦੇਖ ਕੇ ਹਫੜਾ ਦਫੜੀ ਮੱਚ ਗਈ ਅਤੇ ਉਨ੍ਹਾਂ ਨੂੰ ਫੜ ਕੇ ਸੰਭਾਲਿਆ ਗਿਆ।

ਗੁਰੂ ਸ਼ਰਨਾਨੰਦ ਦੇ ਆਸ਼ਰਮ ’ਚ ਯੋਗ ਗੁਰੂ ਬਾਬਾ ਰਾਮਦੇਵ ਪਰਸੋਂ ਦੇ ਆਏ ਹੋਏ ਹਨ। ਉਨ੍ਹਾਂ ਨੇ ਇੱਥੇ ਸਾਧੂਆਂ ਸੰਤਾਂ ਅਤੇ ਵਿਦਿਆਰਥੀਆਂ ਨੂੰ ਯੋਗ ਸਿਖਾਇਆ। ਯੋਗ ਸੈਸ਼ਨ ਦੀ ਖਾਸ ਗੱਲ ਇਹ ਸੀ ਕਿ ਬਾਬਾ ਰਾਮਦੇਵ ਪਹਿਲੀ ਵਾਰ ਹਾਥੀ ਉੱਤੇ ਚੜ੍ਹ ਕੇ ਯੋਗ ਸਿਖਾ ਰਹੇ ਸਨ। ਇਹ ਹਾਥੀ ਗੁਰੂ ਸ਼ਰਨਾਨੰਦ ਦੇ ਆਸ਼ਰਮ ਦਾ ਹੈ। ਯੋਗ ਸੈਸ਼ਨ ਦੌਰਾਨ ਬਾਬਾ ਰਾਮਦੇਵ ਹਾਥੀ ’ਤੇ ਭਰਾਮਰੀ ਪ੍ਰਾਣਾਯਾਮ ਕਰ ਰਹੇ ਸਨ। ਇਸ ਦੌਰਾਨ ਹਾਥੀ ਹਿੱਲਣ ਲੱਗ ਪਿਆ ਅਤੇ ਬਾਬਾ ਰਾਮਦੇਵ ਦਾ ਸੰਤੁਲਨ ਵਿਗੜ ਗਿਆ। ਹਾਥੀ ਤੋਂ ਤਿਲਕਣ ਸਮੇਂ ਬਾਬਾ ਰਾਮਦੇਵ ਨੇ ਆਪਣਾ ਸੰਤੁਲਨ ਇਸ ਤਰ੍ਹਾਂ ਬਣਾਇਆ ਕਿ ਉਹ ਲੱਗਭਗ ਛਾਲ ਮਾਰ ਕੇ ਜ਼ਮੀਨ ’ਤੇ ਆ ਗਏ। ਉਨ੍ਹਾਂ ਨੂੰ ਕੋਈ ਸੱਟ ਆਦਿ ਨਹੀਂ ਲੱਗੀ।

# ਪ੍ਰਿੰ. ਤਬੱਸੁਮ ਮਨਸੂਰ ਦੀ ਮਦਦ ਨਾਲ 7 ਭਾਰਤੀ ਲੀਬੀਆ ਵਿੱਚੋਂ ਰਿਹਾਅ ਹੋਏ

ਨਵੀਂ ਦਿੱਲੀ, 15 ਅਕਤੂਬਰ (ਪੋਸਟ ਬਿਊਰੋ)- ਵਿਦੇਸ਼ ਮੰਤਰਾਲੇ ਨੇ ਲੀਬੀਆ ਵਿੱਚ ਬੀਤੇ ਸਤੰਬਰ ਵਿੱਚ ਅਗਵਾ ਹੋਏ 7 ਭਾਰਤੀਆਂ ਨੂੰ ਛੁਡਵਾ ਲਏ ਜਾਣ ਦੀ ਜਾਣਕਾਰੀ ਦਿੱਤੀ। ਇਹ ਸਾਰੇ ਭਾਰਤੀ ਲੀਬੀਆ ਦੀ ਇੱਕ ਐਨਰਜੀ ਕੰਪਨੀ ਅਲ ਸ਼ੋਲਾ ਅਲ ਮੁਦੀਆ ਦੇ ਕਰਮਚਾਰੀ ਹਨ। 13 ਸਤੰਬਰ ਨੂੰ ਜਦੋਂ ਇਹ ਲੋਕ ਵਤਨ ਵਾਪਸੀ ਦੇ ਲਈ ਲੀਬੀਆ ਦੇ ਬ੍ਰੇਗਾ ਤੋਂ ਰਾਜਧਾਨੀ ਦੇ ਤ੍ਰਿਪੋਲੀ ਏਅਰਪੋਰਟ ਵੱਲ ਆ ਰਹੇ ਸਨ ਤਾਂ ਰਸਤੇ ਵਿੱਚੋਂ ਇਨ੍ਹਾਂ ਨੂੰ ਅਗਵਾ ਕੀਤਾ ਗਿਆ ਸੀ।

ਅਗਵਾ ਦੀ ਇਸ ਘਟਨਾ ਤੋਂ ਬਾਅਦ ਅਗਵਾਕਾਰ ਇਨ੍ਹਾਂ ਨੂੰ ਲੀਬੀਆ ਦੇ ਅਸ਼ਰੀਫ ਇਲਾਕੇ ਵਿੱਚ ਲੈ ਗਏ ਅਤੇ ਕਰੀਬ ਇੱਕ ਮਹੀਨੇ ਬਾਅਦ ਇਨ੍ਹਾਂ ਨੂੰ ਕਾਫ਼ੀ ਮੁਸ਼ੱਕਤ ਦੇ ਬਾਅਦ ਛੁਡਾਇਆ ਜਾ ਸਕਿਆ ਹੈ। ਤਾਜ਼ਾ ਜਾਣਕਾਰੀ ਮਿਲੀ ਹੈ ਕਿ ਇਸ ਰਿਹਾਈ ਵਿੱਚ ਲੀਬੀਆ ਦੇ ਬੇਨਗਾਜ਼ੀ ਸ਼ਹਿਰ ਦੀ ਇੰਡੀਅਨ ਇੰਟਰਨੈਸ਼ਨਲ ਸਕੂਲ ਦੀ



ਪ੍ਰਿੰਸੀਪਲ ਤਬੱਸੁਮ ਮਨਸੂਰ ਨੇ ਬਹੁਤ ਹੀ ਮਹੱਤਵ ਪੂਰਨ ਭੂਮਿਕਾ ਨਿਭਾਈ ਹੈ।

ਉਤਰ ਪ੍ਰਦੇਸ਼ ਦੇ ਗੋਰਖਪੁਰ ਵਿੱਚ ਜਨਮੀ ਤਬੱਸੁਮ ਮਨਸੂਰ ਪਿਛਲੇ 40 ਸਾਲਾਂ ਤੋਂ ਲੀਬੀਆ ਵਿੱਚ ਰਹਿ ਰਹੀ ਹੈ। ਟਿਊਨੀਸ਼ੀਆ ਵਿੱਚ ਭਾਰਤ ਦੇ ਰਾਜਦੂਤ ਪੁਨੀਤ ਰਾਏ ਕੁੰਡਲ ਨੇ ਉਸ ਨੂੰ ਸਥਾਨਿਕ ਅਧਿਕਾਰੀਆਂ ਅਤੇ ਇਸ ਨਾਲ ਜੁੜੇ ਸਭ ਲੋਕਾਂ ਦੇ ਨਾਲ ਸੰਪਰਕ ਵਿੱਚ ਰਹਿਣ ਦੀ ਜ਼ਿੰਮੇਦਾਰੀ ਸੌਂਪੀ ਸੀ। ਵਰਨਣ ਯੋਗ ਹੈ ਕਿ ਤ੍ਰਿਪੋਲੀ ਵਿੱਚ ਇਸ ਵੇਲੇ ਕੋਈ ਭਾਰਤੀ ਰਾਜਦੂਤ ਨਹੀਂ ਹੈ, ਇਸ ਲਈ ਟਿਊਨੀਸ਼ੀਆ ਵਿੱਚ ਭਾਰਤੀ ਰਾਜਦੂਤ ਹੀ ਇਸ ਮਿਸ਼ਨ ਵਿੱਚ ਕੰਮ ਕਰ ਰਹੇ ਹਨ ਤੇ ਇਸ ਰਿਪੋਰਟ ਮੁਤਾਬਕ ਲੀਬੀਆ ਦੇ ਪ੍ਰਸ਼ਾਸਨ ਅਤੇ ਕਬੀਲਾਈ ਨੇਤਾਵਾਂ ਦੀ ਮਦਦ ਨਾਲ ਮਨਸੂਰ ਨੇ ਕਈ ਦਿਨਾਂ ਤੱਕ ਅੱਤਵਾਦੀਆਂ ਨਾਲ ਤਨਾਅ ਪੂਰਨ ਮਾਹੌਲ ਵਿੱਚ ਗੱਲਬਾਤ ਕੀਤੀ ਸੀ। ਉਨ੍ਹਾਂ ਲਈ ਇਹ ਮਿਸ਼ਨ ਸੌਖਾ ਨਹੀਂ ਸੀ। ਆਖਿਰ ਤਬੱਸੁਮ ਮਨਸੂਰ ਨੂੰ ਕਾਮਯਾਬੀ ਮਿਲੀ ਅਤੇ ਉਨ੍ਹਾਂ ਨੇ 7 ਭਾਰਤੀਆਂ ਦੀ ਸੁਰੱਖਿਅਤ ਰਿਹਾਈ ਨੂੰ ਯਕੀਨੀ ਬਣਾਈ ਹੈ।

ਲੀਬੀਆ ਵਿੱਚ ਮੁਸ਼ਕਲਾਂ ਵਿੱਚ ਫਸੇ ਭਾਰਤੀਆਂ ਦੀ ਮਦਦ ਕਰਨ ਦਾ ਮਨਸੂਰ ਦਾ ਇਹ ਪਹਿਲਾ ਕੇਸ ਨਹੀਂ ਹੈ। 2011 ਵਿੱਚ ਜਦੋਂ ਉਥੇ ਗਦਾਫੀ ਸਮਰਥਕ ਅਤੇ ਵਿਰੁੱਧੀ ਤਾਕਤਾਂ ਵਿੱਚ ਗਹਿਗੱਚ ਲੜਾਈ ਹੋ ਰਹੀ ਸੀ, ਉਦੋਂ ਵੀ ਉਸ ਨੇ ਬੇਨਗਾਜ਼ੀ ਵਿੱਚ ਫੱਸੇ 3000 ਭਾਰਤੀਆਂ ਨੂੰ ਕੱਢਣ ਵਿੱਚ ਮਦਦ ਕੀਤੀ ਸੀ। ਲੀਬੀਆ ਵਿੱਚ ਅੱਤਵਾਦੀਆਂ ਨੇ ਜਿਨ੍ਹਾਂ ਸੱਤ ਭਾਰਤੀਆਂ ਨੂੰ ਅਗਵਾ ਕੀਤਾ ਸੀ, ਉਹ ਬਿਹਾਰ, ਆਂਧਰਾ ਪ੍ਰਦੇਸ਼, ਗੁਜਰਾਤ ਅਤੇ ਉਤਰ ਪ੍ਰਦੇਸ਼ ਦੇ ਵਸਨੀਕ ਹਨ। ਲੀਬੀਆ ਦੇ ਹਾਲਾਤ ਦੇਖਦੇ ਹੋਏ 2015 ਦੇ ਸਤੰਬਰ ਵਿੱਚ ਉਥੇ ਦੀ ਯਾਤਰਾ ਤੋਂ ਬਚਣ ਦੀ ਭਾਰਤੀ ਨਾਗਰਿਕਾਂ ਨੂੰ ਕਿਹਾ ਗਿਆ ਸੀ। ਜਦੋਂ ਹਾਲਾਤ ਹੋਰ ਵਿਗੜੇ ਤਾਂ ਮਈ 2016 ਤੋਂ ਪੂਰਨ ਪਾਬੰਦੀ ਲਾ ਦਿੱਤੀ ਗਈ, ਜੋ ਅਜੇ ਤੱਕ ਜਾਰੀ ਹੈ।

## ਪ੍ਰਧਾਨ ਮੰਤਰੀ ਮੋਦੀ ਮੁਤਾਬਕ ਕਿਸਾਨਾਂ ਨੂੰ ਅੰਨ-ਦਾਤਾ ਤੋਂ ਉਦਮੀ ਬਣਾਉਣ ਦਾ ਯਤਨ ਹੋ ਰਿਹੈ

ਮੁੰਬਈ, 15 ਅਕਤੂਬਰ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਭਾਰਤਸਰਕਾਰ ਕਿਸਾਨਾਂ ਨੂੰ ਅੰਨ-ਦਾਤਾ ਤੋਂ ਉਦਮੀ ਬਣਾਉਣਾ ਚਾਹੁੰਦੀ ਹੈ। ਸਾਬਕਾ ਕੇਂਦਰੀ ਮੰਤਰੀ ਬਾਲਾ ਸਾਹਿਬ ਪਾਟਿਲ ਦੀ ਆਤਮਕਥਾ ਰਿਲੀਜ਼ ਕਰਨ ਮੌਕੇ ਉਨ੍ਹਾਂ ਖੇਤੀਬਾੜੀ ਤੇ ਕੋਆਪਰੇਟਿਵ ਖੇਤਰ ਵਿੱਚ ਪਾਟਿਲ ਦੇ ਯੋਗਦਾਨ ਦੀ ਸ਼ਲਾਘਾ ਕੀਤੀ।



ਨਰਿੰਦਰ ਮੋਦੀ ਨੇ ਕਿਹਾ ਕਿ ਮੇਰੀ ਸਰਕਾਰ ਕਿਸਾਨਾਂ ਦੀ ਭੂਮਿਕਾ ਨੂੰ ਅੰਨ-ਦਾਤਾ ਤੋਂਹੋਰ ਅੱਗੇ ਲਿਜਾ ਕੇ ਉਦਮੀ ਬਣਾਉਣ ਬਾਰੇ ਯਤਨ ਕਰ ਰਹੀ ਹੈ। ਵੀਡੀਓ ਕਾਨਫ਼ਰੰਸ ਰਾਹੀਂ ਹੋਏ ਇਸ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨੇ ‘ਪ੍ਰਵਰ ਰੂਰਲ ਐਜੂਕੇਸ਼ਨ ਸੁਸਾਇਟੀ’ ਦਾ ਪਹਿਲਾ ਨਾਂ ਬਦਲ ਕੇ ‘ਲੋਕ ਨੇਤਾ ਡਾ. ਬਾਲਾ ਸਾਹਿਬ ਪਾਟਿਲ ਪ੍ਰਵਰ ਰੂਰਲ ਐਜੂਕੇਸ਼ਨ ਸੁਸਾਇਟੀ’ ਕਰਨ ਦਾ ਐਲਾਨ ਕੀਤਾ। ਇਸ ਪ੍ਰੋਗਰਾਮ ਵਿੱਚ ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਤੇ ਸਾਬਕਾ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਵੀ ਮੌਜੂਦ ਸਨ ਤੇ ਪਾਟਿਲ ਪਰਵਾਰ ਦੇ ਕਈ ਮੈਂਬਰ ਵੀ ਪੁੱਜੇ ਹੋਏ ਸਨ।ਸਾਬਕਾ ਸਰਕ-ਾਰਾਂ ’ਤੇ ਹਮਲਾ ਬੋਲਦਿਆਂ ਮੋਦੀ ਨੇ ਕਿਹਾ ਕਿ ਆਜ਼ਾਦੀ ਪਿੱਛੋਂ ਇੱਕ ਅਜਿਹਾ ਦੌਰ ਆਇਆ ਜਦੋਂ ਦੇਸ਼ ਕੋਲ ਪੇਟ ਭਰਨ ਲਈ ਅਨਾਜ ਨਹੀਂ ਸੀ। ਓਦੋਂ ਸਰਕਾਰਾਂ ਦਾ ਪੂਰਾ ਜ਼ੋਰ ਉਤਪਾਦਨ ਵਧਾਉਣ ਵੱਲ ਸੀ। ਉਤਪਾਦਕਤਾ ਦੀ ਚਿੰਤਾ ’ਚ ਸਰਕਾਰਾਂ ਦਾ ਧਿਆਨ ਕਿਸਾਨਾਂ ਦੇ ਲਾਭ ਵੱਲ ਨਹੀਂ ਗਿਆ। ਕਿਸਾਨਾਂ ਦੀ ਆਮਦਨ ਨੂੰ ਸਰਕਾਰਾਂ ਭੁੱਲ ਗਈਆਂ। ਪਹਿਲੀ ਵਾਰ ਇਸ ਸੋਚ ਨੂੰ ਬਦਲਿਆ ਗਿਆ ਹੈ। ਪਹਿਲੀ ਵਾਰ ਸਰਕਾਰ ਨੂੰ ਕਿਸਾਨਾਂ ਦੀ ਆਮਦਨ ਦੀ ਚਿੰਤਾ ਹੋਈ ਹੈ।

# ਲੱਦਾਖ ਤੇ ਅਰੁਣਾਚਲ ਪ੍ਰਦੇਸ਼ ਭਾਰਤ ਦੇ ਹਿੱਸੇ ਨਾ ਹੋਣ ਬਾਰੇ ਕਹਿ ਕੇ ਚੀਨ ਨੇ ਚੁਆਤੀ ਲਾਈ

ਨਵੀਂ ਦਿੱਲੀ, 15 ਅਕਤੂਬਰ (ਪੋਸਟ ਬਿਊਰੋ)- ਭਾਰਤ ਨਾਲ ਚੀਨ ਨੇ ਡਿਪਲੋਮੇਟਿਕ ‘ਮਾਈਂਡ ਗੇਮ’ ਖੇਡਣੀ ਜਾਰੀ ਰੱਖੀ ਹੈ। ਇੱਕ ਪਾਸੇ ਉਹ ਐਲ ਏ ਸੀ (ਅਸਲ ਕੰਟਰੋਲ ਰੇਖਾ) ਉੱਤੇ ਤਣਾਅ ਨੂੰ ਖਤਮ ਕਰਨ ਲਈ ਲਗਾਤਾਰ ਵਾਰਤਾ ਕਰ ਰਿਹਾ ਅਤੇ ਗੱਲਬਾਤ ਨਾਲ ਤਣਾਅ ਦੂਰਨ ਕਰਨ ਦੀ ਗੱਲ ਕਹਿੰਦਾ ਹੈ। ਦੂਜੇ ਪਾਸੇ ਚੀਨੀ ਵਿਦੇਸ਼ ਮੰਤਰਾਲਾ ਰਹਿ-ਰਹਿ ਕੇ ਲੱਦਾਖ ਅਤੇ ਅਰੁਣਾਚਲ ਪ੍ਰਦੇਸ਼ ਦੇ ਭਾਰਤੀ ਰਾਜ ਹੋਣ ਬਾਰੇ ਸਵਾਲ ਚੁੱਕ ਕੇ ਤਣਾਅ ਵਧਾ ਰਿਹਾ ਹੈ।

ਕੱਲ੍ਹ ਚੀਨ ਨੇ ਕਿਹਾ ਕਿ ਲੱਦਾਖ ਅਤੇ ਅਰੁਣਾਚਲ ਪ੍ਰਦੇਸ਼ ਦੋਵੇਂ ਰਾਜ ਭਾਰਤ ਦੇ ਨਾਜਾਇਜ਼ ਕਬਜ਼ੇ ਵਿੱਚ ਹਨ ਅਤੇ ਉਹ ਇਨ੍ਹਾਂ ਨੂੰ ਮਾਨਤਾ ਨਹੀਂ ਦਿੰਦਾ। ਭਾਰਤ ਜਿਵੇਂਇਨ੍ਹਾਂ ਦੋਵਾਂ ਰਾਜਾਂ ਵਿੱਚੋ ਸੜਕਾਂ ਅਤੇ ਪੁਲ ਆਦਿ ਬਣਾ ਰਿਹਾ ਹੈ, ਉਸ ਨਾਲ ਚੀਨ ਦੀ ਕੌੜ ਵਧਦੀ ਜਾ ਰਹੀ ਹੈ। ਏਸੇ ਲਈ ਚੀਨੀ ਵਿਦੇਸ਼ ਮੰਤਰਾਲਾ ਸੁਝਾਅ ਵੀ ਦੇ ਰਿਹਾ ਹੈ ਕਿ ਭਾਰਤ ਇਨ੍ਹਾਂਰਾਜਾਂ ਵਿੱਚ ਮੁੱਢਲੇ ਢਾਂਚੇ ਦਾ ਵਿਕਾਸ ਨਾ ਕਰੇ।ਚੀਨੀ ਵਿਦੇਸ਼ ਮੰਤਰਾਲੇ ਦੀ ਪ੍ਰੈਸ ਕਾਨਫਰੰਸ ਵਿੱਚ ਲੱਦਾਖ, ਅਰੁਣਾਚਲ ਪ੍ਰਦੇਸ਼ ਅਤੇ ਹੋਰ ਸਰਹੱਦੀ ਇਲਾਕਿਆਂ ਵਿੱਚ 44 ਪੁਲਾਂ ਦੇ ਬਣਨ ਬਾਰੇ ਸਵਾਲ ਪੁੱਛਿਆ ਗਿਆ ਸੀ।ਜਵਾਬ ਵਿੱਚ ਉਸ ਦੇ ਬੁਲਾਰੇ ਨੇ ਕਿਹਾ ਕਿ ‘ਭਾਰਤ ਵੱਲੋਂ ਗੈਰ ਕਾਨੂੰਨੀ ਤਰੀਕੇ ਬਣਾਏ ਕੇਂਦਰੀ ਸ਼ਾਸਿਤ ਪ੍ਰਦੇਸ਼ ਲੱਦਾਖ ਤੇ ਅਰੁਣਾਚਲ ਪ੍ਰਦੇਸ਼ ਨੂੰ ਚੀਨ ਮਾਨਤਾ ਨਹੀਂ ਦਿੰਦਾ।’ਉਨ੍ਹਾਂ ਕਿਹਾ, ਅਸੀਂ ਵਿਵਾਦਤ ਇਲਾਕੇ ਵਿੱਚ ਫੌਜੀ ਸੋਚ ਨਾਲ ਕੀਤੇ ਵਿਕਾਸ ਦਾ ਵਿਰੋਧ ਕਰਦੇ ਹਾਂ ਤੇ ਦੋਵਾਂ ਧਿਰਾਂ ਨੂੰ ਕੋਈ ਅਜਿਹਾ ਕਦਮ ਨਹੀਂ ਚੁੱਕਣਾ ਚਾਹੀਦਾ, ਜਿਸ ਨਾਲ ਮੌਜੂਦਾ ਕੋਸ਼ਿਸ਼ਾਂ ਨੂੰ ਧੱਕਾ ਲੱਗੇ। ਪਿਛਲੇ ਦਿਨਾਂ ਵਿੱਚ ਭਾਰਤ ਨੇ ਸਰਹੱਦੀ ਇਲਾਕਿਆਂ ਵਿੱਚ ਮੁਢਲੇ ਵਿਕਾਸ ਨੂੰ ਤੇਜ਼ ਕੀਤਾ ਤੇ ਫੌਜ ਦੀ ਤਾਇਨਾਤੀ ਵੀ ਕੀਤੀ ਜਾ ਰਹੀ ਹੈ। ਇਹ ਹੀ ਇਸ ਤਣਾਅ ਵੀ ਮੂਲ ਵਜ੍ਹਾ ਹੈ। ਇਹ ਦੂਜਾ ਮੌਕਾ ਹੈ ਜਦੋਂ ਚੀਨ ਨੇ ਲੱਦਾਖ ਦੇ ਨਾਲ ਹੀ ਅਰੁਣਾਚਲ ਪ੍ਰਦੇਸ਼ ਦੀ ਸਥਿਤੀ ਬਾਰੇ ਸਵਾਲ ਚੁੱਕਣ ਦੀ ਕੋਸ਼ਿਸ਼ ਕੀਤੀ ਹੈ। ਪਹਿਲਾਂ ਵੀ ਜਦੋਂ ਚੀਨ ਵੱਲੋਂ ਏਦਾਂ ਦੀ ਕੋਸ਼ਿਸ਼ ਹੋਈ ਸੀ ਤਾਂ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਰਾਗ ਸ਼੍ਰੀਵਾਸਤਵ ਨੇ ਇਸ ਨੂੰ ਸਿਰੇ ਤੋਂਰੱਦ ਕਰ ਦਿੱਤਾ ਸੀ।

# ਵਕੀਲ ਪੁੱਤਰ ਨੇ ਮਾਂ-ਪਿਓ ਨੂੰ ਗੋਲੀਆਂ ਮਾਰ ਕੇ ਮਾਰਿਆ

ਬਰੇਲੀ, 15 ਅਕਤੂਬਰ (ਪੋਸਟ ਬਿਊਰੋ)- ਮੀਰਗੰਜ ਥਾਣੇ ਦੇ ਬਹਿਰੋਲੀ ਪਿੰਡ ਵਿੱਚ ਵਕੀਲ ਪੁੱਤਰ ਨੇ ਆਪਣੇ ਸਾਬਕਾ ਅਧਿਆਪਕ ਪਿਤਾ ਅਤੇ ਮਾਂ ਦੀ ਕੱਲ੍ਹ ਸਵੇਰੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ।<ਮਿਲੀ ਜਾਣਕਾਰੀ ਮੁਤਾਬਕ ਪੁਲਸ ਨੇ ਦੱਸਿਆ ਕਿ ਬਜ਼ੁਰਗ ਜੋੜਾ ਲਾਲਤਾ ਪ੍ਰਸਾਦ ਗੰਗਵਾਰ (76) ਅਤੇ ਉਨ੍ਹਾਂ ਦੀ ਪਤਨੀ ਮੋਹਨੀ ਦੇਵੀ (70) ਸਵੇਰੇ ਪੂਜਾ-ਪਾਠ ਕਰ ਰਹੇ ਸਨ। ਅਚਾਨਕ ਪੁੱਤਰ ਦੁਰਵੇਸ਼ ਨੇ ਆ ਕੇ ਮਾਂ-ਪਿਓ ਨੂੰ ਬੁਰਾ-ਭਲਾ ਕਿਹਾ ਤੇ ਕੁੱਟਮਾਰ ਕਰਨ ਲੱਗਾ। ਫਿਰ ਗੱਲ ਵਧਣ ’ਤੇ ਉਸ ਨੇ ਗੋਲੀਆਂ ਚਲਾ ਦਿੱਤੀਆਂ, ਜਿਸ ਨਾਲ ਬਜ਼ੁਰਗ ਜੋੜੇ ਦੀ ਮੌਕੇ ’ਤੇ ਮੌਤ ਹੋ ਗਈ ਅਤੇ ਦੋਸ਼ੀ ਫਰਾਰ ਹੋ ਗਿਆ। ਵਾਰਦਾਤ ਦੀ ਸੂਚਨਾ ਮਿਲਦੇ ਹੀ ਸੀਨੀਅਰ ਪੁਲਸ ਅਧਿਕਾਰੀ ਰੋਹਿਤ ਸਿੰਘ ਸਜਵਾਣ ਪੁਲਸ ਦਸਤੇ ਨਾਲ ਮੌਕੇ ’ਤੇ ਪਹੁੰਚੇ।

ਐਸ ਐਸ ਪੀ ਸਜਵਾਣ ਨੇ ਦੱਸਿਆ ਕਿ ਦੋਸ਼ੀ ਦੁਰਵੇਸ਼ ਗੰਗਵਾਰ ਜਮੀਨ ਦੀ ਵੰਡ ਬਾਰੇ ਬਜ਼ੁਰਗ ਮਾਂ-ਪਿਓ ਨਾਲ ਨਾਰਾਜ਼ ਸੀ। ਵਕੀਲ ਦੁਰਵੇਸ਼ ਆਪਣੀ ਪਤਨੀ ਤੇ ਬੱਚਿਆਂ ਨਾਲ ਮੀਰਗੰਜ ਦੀ ਟੀਚਰਸ ਕਾਲੋਨੀ ਵਿੱਚ ਰਹਿੰਦਾ ਸੀ। ਉਸ ਨੂੰ ਲੱਗਦਾ ਸੀ ਕਿ ਮਾਂ-ਪਿਓ ਨੇ ਉਸ ਦੇ ਭਰਾ ਉਮੇਸ਼ ਨੂੰ ਵੱਧ ਜਾਇਦਾਦ ਦਿੱਤੀ ਹੈ ਅਤੇ ਉਸ ਦੀ ਹਰ ਤਰ੍ਹਾਂ ਮਦਦ ਕਰਦੇ ਹਨ। ਸਜਵਾਣ ਨੇ ਦੱਸਿਆ ਕਿ ਦੁਰਵੇਸ਼ ਤੜਕੇ ਪੰਜ ਵਜੇ ਪਿੰਡ ਪਹੁੰਚਿਆ ਤੇ ਪਹਿਲਾਂ ਭਜਨ-ਪੂਜਾ ਕਰਦੇ ਪਿਤਾ ਲਾਲਤਾ ਪ੍ਰਸਾਦ ਅਤੇ ਮਾਂ ਮੋਹਣੀ ਦੇਵੀ ਨਾਲ ਕੁੱਟਮਾਰ ਕੀਤੀ। ਫਿਰ ਉਸ ਨੇ ਦੋਹਾਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ।

jobs! jobs! jobs! jobs! jobs!

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

DUNDAS·JAFINE

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

# ਬੈਂਗਲੂਰੂ ਦੰਗੇ ਕਾਂਗਰਸੀ ਲੀਡਰਾਂ ਵੱਲੋਂ ਕਰਾਏ ਹੋਣ ਦਾ ਦੋਸ਼ ਲੱਗਾ

***ਦੋਸ਼ ਪੱਤਰ ਵਿੱਚ ਸਾਬਕਾ ਕਾਂਗਰਸੀ ਮੇਅਰ ਦੋਸ਼ੀ ਦੱਸਿਆ ਗਿਆ**

ਬੰਗਲੂਰੂ, 15 ਅਕਤੂਬਰ (ਪੋਸਟ ਬਿਊਰੋ)- ਸੋਸ਼ਲ ਮੀਡੀਆ ਪਲੇਟ ਫਾਰਮ ਫੇਸਬੁਕ ਉੱਤੇ ਇੱਕ ਪਾਈ ਭੜਕਾਊ ਪੋਸਟ ਕਾਰਨ ਭੜਕੀ ਹਿੰਸਾ ਦੀ ਜਾਂਚ ਕਰ ਰਹੀ ਕੇਂਦਰੀ ਕਰਾਈਮ ਬ੍ਰਾਂਚ (ਸੀ ਸੀ ਬੀ) ਨੇ ਸਥਾਨਕ ਅਦਾਲਤ ਵਿੱਚ ਮੁੱਢਲਾ ਦੋਸ਼ ਪੱਤਰ ਦਾਖਲ ਕਰ ਦਿੱਤਾ ਹੈ, ਜਿਸ ਵਿੱਚ ਬੰਗਲੂਰੂ ਦੇ ਸਾਬਕਾ ਕਾਂਗਰਸੀ ਮੇਅਰ ਆਰ. ਸੰਪਤ ਰਾਜ ਤੇ ਪੁਲਕੇਸ਼ੀ ਨਗਰ ਵਾਰਡ ਤੋਂ ਕਾਂਗਰਸੀ ਕੌਂਸਲਰ ਅਬਦੁਲ ਰਕੀਬ ਜ਼ਾਕਿਰ ਨੂੰ ਵੀ ਦੋਸ਼ੀ ਬਣਾਇਆ ਗਿਆ ਹੈ।

ਕੁੱਲ 850 ਸਫੇ ਦਾ ਇਹ ਦੋਸ਼ ਪੱਤਰ ਸੀ ਸੀ ਬੀ ਵੱਲੋਂਅਦਾਲਤ ਵਿੱਚ ਦਾਖਲ ਕਰਨ ਮਗਰੋਂ ਬੰਗਲੂਰੂ ਦੇ ਪੁਲਸ ਕਮਿਸ਼ਨਰ ਕਮਲ ਪੰਤ ਨੇ ਕਾਂਗਰਸ ਪਾਰਟੀ ਦੇ ਦੋਵਾਂ ਲੀਡਰਾਂ ਨੂੰ ਦੋਸ਼ੀ ਬਣਾਉਣ ਦੀ ਪੁਸ਼ਟੀ ਕੀਤੀ। ਇਸ ਬਾਰੇ ਸੀ ਸੀ ਬੀ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਡੀ ਜੇ ਹੱਲੀ ਹਲਕੇ ਤੋਂਮੌਜੂਦਾ ਕਾਂਗਰਸੀ ਕੌਂਸਲਰ ਸੰਪਤ ਰਾਜ ਵੀ ਉਨ੍ਹਾਂ ਲੋਕਾਂ ਵਿੱਚ ਸ਼ਾਮਲ ਸਨ, ਜਿਨ੍ਹਾਂ ਨੂੰ ਹਿੰਸਾ ਦੀ ਜਾਣਕਾਰੀ ਸੀ, ਪਰ ਉਨ੍ਹਾਂ ਨੇ ਇਹ ਸੂਚਨਾ ਪੁਲਸ ਨੂੰ ਨਹੀਂਦਿੱਤੀ। ਸੰਪਤ ਰਾਜ ਤੇ ਜ਼ਾਕਿਰ ਤੋਂਪਹਿਲਾਂ ਪੁੱਛਗਿੱਛ ਕੀਤੀ ਗਈ ਸੀ, ਪਰ ਗ੍ਰਿਫਤਾਰ ਨਹੀਂ ਕੀਤਾ। ਹਿੰਸਾ ਦੇ ਆਗੂਆਂ ਨਾਲ ਸੰਪਰਕ ਵਿੱਚ ਰਹਿਣ ਲਈ ਸੰਪਤ ਰਾਜ ਦੇ ਨਿੱਜੀ ਸਹਾਇਕ ਅਰੁਣ ਕੁਮਾਰ ਨੂੰ 19 ਅਗਸਤ ਨੂੰ ਹੀ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।



ਵਰਨਣ ਯੋਗ ਹੈ ਕਿ ਕਾਂਗਰਸ ਵਿਧਾਇਕ ਆਰ ਅਖੰਡ ਸ੍ਰੀਨਿਵਾਸ ਮੂਰਤੀ ਦੇ ਇੱਕ ਰਿਸ਼ਤੇਦਾਰ ਵੱਲੋਂ ਫੇਸਬੁਕ ’ਤੇ ਪਾਈ ਭੜਕਾਊ ਪੋਸਟ ਕਾਰਨ ਭੜਕੀ ਭੀੜ ਨੇ 11 ਅਗਸਤ ਨੂੰ ਵਿਧਾਇਕ ਅਤੇ ਉਨ੍ਹਾਂ ਦੀ ਭੈਣ ਜਯੰਤੀ ਦੇ ਘਰ ਨੂੰ ਅੱਗ ਲਾ ਦਿੱਤੀ ਸੀ। ਉਸ ਸਮੇਂ ਵਿਧਾਇਕ ਆਪਣੀ ਰਿਹਾਇਸ਼ ’ਤੇ ਨਹੀਂ ਸਨ। ਹਿੰਸਾ ਵਿੱਚ ਜ਼ਖਮੀ ਹੋਣ ਵਾਲਿਆਂ ਵਿੱਚ ਪੰਜਾਹ ਪੁਲਸ ਵਾਲੇ ਸ਼ਾਮਲ ਸਨ। ਭੀੜ ਨੇ ਡੀ ਜੇ ਹੱਲੀ ਪੁਲਸ ਸਟੇਸ਼ਨ ਨੂੰ ਵੀ ਅੱਗ ਲਾ ਦਿੱਤੀ ਸੀ। ਅਸਲ ਵਿੱਚ ਭੀੜ ਨੂੰ ਸ਼ੱਕ ਸੀ ਕਿ ਵਿਧਾਇਕ ਦੇ ਰਿਸ਼ਤੇਦਾਰ ਨੂੰ ਇਥੇ ਲਾਕਅਪ ਵਿੱਚ ਰੱਖਿਆ ਗਿਆ ਹੈ। ਇਸ ਮੌਕੇ ਭੀੜ ਨੇ ਸਰਕਾਰੀ ਅਤੇ ਨਿੱਜੀ ਜਾਇਦਾਦਾਂ ਦਾ ਵੀ ਨੁਕਸਾਨ ਕੀਤਾ ਸੀ, ਜਿਸ ਪਿੱਛੋਂ ਪੁਲਸ ਨੂੰ ਫਾਇਰਿੰਗ ਕਰਨੀ ਪਈ ਤੇ ਤਿੰਨ ਲੋਕਾਂ ਦੀ ਘਟਨਾ ਵਾਲੀ ਥਾਂ ਅਤੇ ਇੱਕ ਵਿਅਕਤੀ ਦੀ ਹਸਪਤਾਲ ਜਾ ਕੇ ਮੌਤ ਹੋ ਗਈ ਸੀ। ਇਸ ਬਾਰੇ ਅਜੇ ਤੱਕ 421 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਸੋਸ਼ਲ ਡੈਮੋਕ੍ਰੇਟਿਕ ਪਾਰਟੀ ਆਫ ਇੰਡੀਆ ਦੇ ਨੇਤਾ ਮੁਜ਼ੱਮਿਲ ਪਾਸ਼ਾ ਸ਼ਾਮਲ ਹਨ।




## 3 ਰੂਸੀ-ਅਮਰੀਕੀ ਪੁਲਾੜ ਯਾਤਰੀਆਂ ਦੀ ਟੋਲੀ ਤਿੰਨ ਘੰਟੇ ਵਿੱਚ ਪੁਲਾੜ ਸਟੇਸ਼ਨ ਜਾ ਪੁੱਜੀ



ਮਾਸਕੋ, 15 ਅਕਤੂਬਰ (ਪੋਸਟ ਬਿਊਰੋ)- ਪੁਲਾੜ ਯਾਤਰੂਆਂ ਦੀ ਇੱਕ ਤਿੱਕੜੀ ਪਹਿਲੀ ਵਾਰ ਫਾਸਟ ਟਰੈਕ ਮੈਨੋਵਰ ਦੀ ਵਰਤੋਂ ਕਰ ਕੇ ਤਿੰਨ ਘੰਟਿਆਂ ਅੰਦਰ ਕੌਮਾਂਤਰੀ ਪੁਲਾੜ ਸਟੇਸ਼ਨ ਵਿੱਚ ਪਹੁੰਚਣ ਵਿੱਚ ਸਫਲ ਰਹੀ ਹੈ। ਇਸ ਤਿੱਕੜੀ ਵਿੱਚ ਇੱਕ ਯਾਤਰੂ ਅਮਰੀਕਾ ਦਾ ਅਤੇ ਦੋ ਜਣੇ ਰੂਸ ਦੇ ਨਾਗਰਿਕ ਹਨ।

ਅਮਰੀਕੀ ਪੁਲਾੜ ਏਜੰਸੀ ਨਾਸਾ ਦੇ ਕੇਟ ਰੂਬਿਨਜ਼ ਨੇ ਰੂਸੀ ਪੁਲਾੜ ਏਜੰਸੀ ਰੋਸਕੋਸਮੋਸ ਦੇ ਸਰਗੇਈ ਰਿਜ਼ੀਕੋ ਤੇ ਸਰਗਈ ਕੁਡ-ਸਵਰਸ਼ਕੋਵ ਨਾਲ ਕੱਲ੍ਹ ਸਵੇਰੇ ਰੂਸ ਦੀ ਲੀਜ਼ ਵਾਲੇ ਕਜ਼ਾਖ਼ਸਤਾਨ ਵਿਚਲੇ ਬਾਇਕਾਨੂਰ ਪੁਲਾੜ ਲਾਂਚ ਤੋਂ ਉਡਾਣ ਭਰੀ। ਇਹ ਟੋਲੀ ਕੌਮਾਂਤਰੀ ਪੁਲਾੜ ਸਟੇਸ਼ਨ ਉਤੇ ਛੇ ਮਹੀਨੇ ਰਹੇਗੀ। ਵਰਨਣ ਯੋਗ ਹੈ ਕਿ ਇਹ ਪਹਿਲਾ ਮੌਕਾ ਹੈ, ਜਦੋਂ ਪੁਲਾੜ ਯਾਤਰੀ ਇੰਨੇ ਘੰਟ ਸਮੇਂ ਵਿੱਚ ਪੁਲਾੜ ਸਟੇਸ਼ਨ ’ਤੇ ਪੁੱਜੇ ਹਨ, ਇਸ ਤੋਂ ਪਹਿਲਾਂ ਇਸ ਤੋਂ ਦੁੱਗਣਾ ਸਮਾਂ ਲੱਗਦਾ ਰਿਹਾ ਹੈ। ਇਹ ਤਿੱਕੜੀ ਪੁਲਾੜ ਸਟੇਸ਼ਨ ਵਿੱਚ ਪਹਿਲਾਂ ਤੋਂ ਮੌਜੂਦ ਨਾਸਾ ਕਮਾਂਡਰ ਕ੍ਰਿਸ ਕੈਸਿਡੀ ਤੇ ਰੋਸਕੋਸਮੋਸ ਦੇ ਕਾਸਮੋਨੇਟਾਂ ਐਂਟਲੀ ਇਵਾਨੀਸ਼ਿਨ ਤੇ ਇਵਾਨ ਵੈਗਨਰ ਨਾਲ ਮਿਲ ਕੇ ਕੰਮ ਕਰੇਗੀ। ਨਾਸਾ ਦੇ ਕਮਾਂਡਰ ਦੀ ਅਗਵਾਈ ਵਾਲੀ ਟੀਮ ਅਪ੍ਰੈਲ ਤੋਂ ਉਥੇ ਹੈ ਤੇ ਉਨ੍ਹਾਂ ਇੱਕ ਹਫਤੇ ਅੰਦਰ ਧਰਤੀ ’ਤੇ ਮੁੜ ਆਉਣਾ ਹੈ।

ਪੁਲਾੜ ਲਈ ਉਡਾਣ ਭਰਨ ਤੋਂ ਪਹਿਲਾਂ ਬਾਇਕੋਨਰ ਵਿੱਚ ਰੱਖੀ ਪ੍ਰੈੱਸ ਕਾਨਫਰੰਸ ਦੌਰਾਨ ਬੋਲਦਿਆਂ ਰੂਬਿਨਜ਼ ਨੇ ਜ਼ੋਰ ਦੇ ਕੇ ਕਿਹਾ ਕਿ ਕ੍ਰਿਊ ਮੈਂਬਰਾਂ ਨੇ ਕੋਰੋਨਾ ਵਾਇਰਸ ਦੇ ਕਿਸੇ ਖਤਰੇ ਨੂੰ ਟਾਲਣ ਲਈ ਮਾਸਕੋ ਦੇ ਬਾਹਰ ਸਟਾਰ ਸਿਟੀ ਸਿਖਲਾਈ ਸੈਂਟਰ ਵਿੱਚ ਕਈ ਹਫਤੇ ਇਕਾਂਤਵਾਸ ਵਿੱਚ ਰਹਿ ਕੇ ਕੱਟੇ ਹਨ। ਉਸ ਨੇ ਕਿਹਾ ਕਿ ਅਸੀਂ ਪੁਲਾੜ ਵਿੱਚ ਕਈ ਦਿਲਚਸਪ ਚੀਜ਼ਾਂ ਜਿਵੇਂ ਬਾਇਓ-ਪ੍ਰਿੰਟਿੰਗ ਟਿਸ਼ੂਜ਼ ਅਤੇ ਪੁਲਾੜ ਵਿੱਚ ਸੈਲਾਂ ਨੂੰ ਪੈਦਾ ਕਰਨ ਦੇ ਨਾਲ ਅਸੀਂ ਡੀ ਐਨ ਏ ਨੂੰ ਤਰਤੀਬਵਾਰ ਕਰਨ ਦੇ ਕੰਮ ਨੂੰ ਜਾਰੀ ਰੱਖਣ ਸਮੇਤ ਹੋਰ ਕਈ ਯੋਜਨਾਵਾਂ ਬਣਾਈਆਂ ਹਨ।

# ਯੂ ਐਨ ਮਨੁੱਖੀ ਅਧਿਕਾਰ ਕਮਿਸ਼ਨ ਵਿੱਚ ਚੀਨ ਦੇ ਚੁਣੇ ਜਾਣ ਉਤੇ ਅਮਰੀਕਾ ਭੜਕਿਆ

ਵਾਸ਼ਿੰਗਟਨ, 15 ਅਕਤੂਬਰ (ਪੋਸਟ ਬਿਊਰੋ)- ਯੂ ਐੱਨ ਦੀ ਮਨੁੱਖੀ ਅਧਿਕਾਰ ਕੌਂਸਲ (ਯੂ ਐਨ ਐਚ ਆਰ ਸੀ) ਵਿੱਚ ਚੀਨ, ਰੂਸ ਅਤੇ ਕਿਊਬਾ ਵਰਗੇ ਦੇਸ਼ਾਂ ਦੇ ਚੁਣੇ ਜਾਣ ’ਤੇ ਅਮਰੀਕੀ ਵਿਦੇਸ਼ ਮੰਤਰੀ ਮਾਇਕ ਪੌਂਪੀਓ ਨੇ ਯੂ ਐੱਨ ਓ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਇਸ ਤੋਂ ਸਾਬਤ ਹੁੰਦਾ ਹੈ ਕਿ ਇਸ ਕੌਂਸਲ ਵਿੱਚੋਂ ਅਮਰੀਕਾ ਦੇ ਬਾਹਰ ਨਿਕਲ ਜਾਣ ਦਾ ਫੈਸਲਾ ਪੂਰੀ ਤਰ੍ਹਾਂ ਠੀਕ ਅਤੇ ਜਾਇਜ਼ ਸੀ।

ਪੌਂਪੀਓ ਨੇ ਕਿਹਾ ਕਿ ਯੂ ਐਨ ਐਚ ਆਰ ਸੀ ਨਾ ਕੇਵਲ ਇਜ਼ਰਾਈਲ ਦੇ ਵਿਰੋਧੀ ਧਾਰਨਾ ਤੋਂ ਪੀੜਤ ਹੈ, ਬਲਕਿ ਮੈਂਬਰਸ਼ਿਪ ਨਿਯਮਾਂ ਬਾਰੇ ਵੀ ਉਸ ਦਾ ਰਵੱਈਆ ਠੀਕ ਨਹੀਂ।



ਇਹੀ ਕਾਰਨ ਹੈ ਕਿ ਉਸ ਨੇ ਕੌਂਸਲ ਵਿੱਚ ਉਨ੍ਹਾਂ ਦੇਸ਼ਾਂ ਨੂੰ ਸ਼ਾਮਲ ਹੋਣ ਦੀ ਮਨਜ਼ੂਰੀ ਦਿੱਤੀ ਹੈ, ਜਿਨ੍ਹਾਂ ਦਾ ਮਨੁੱਖੀ ਅਧਿਕਾਰ ਰਿਕਾਰਡ ਸਭ ਤੋਂ ਖਰਾਬ ਰਿਹਾ ਹੈ। ਵਰਨਣ ਯੋਗ ਹੈ ਕਿ ਮਨੁੱਖੀ ਅਧਿਕਾਰ ਕੌਂਸਲ ਵਿੱਚ ਚੀਨ, ਰੂਸ ਅਤੇ ਕਿਊਬਾ ਨੇ ਮੰਗਲਵਾਰ ਨੂੰ ਸੀਟਾਂ ਜਿੱਤ ਲਈਆਂ ਸਨ, ਪਰ ਸਾਊਦੀ ਅਰਬ ਇਸ ਵਿੱਚ ਸਫਲ ਨਹੀਂ ਹੋ ਸਕਿਆ। ਇਨ੍ਹਾਂ ਸਾਰੇ ਦੇਸ਼ਾਂ ਨੂੰ ਮਨੁੱਖੀ ਅਧਿਕਾਰ ਉਤੇ ਆਪਣੇ ਖਰਾਬ ਰਿਕਾਰਡ ਦੇ ਕਾਰਨ ਮਨੁੱਖੀ ਅਧਿਕਾਰ ਗਰੁੱਪਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ। ਰੂਸ ਅਤੇ ਕਿਊਬਾ ਬਿਨਾਂ ਕਿਸੇ ਵਿਰੋਧ ਦੇ ਜਿੱਤ ਗਏ, ਪਰ ਚੀਨ ਅਤੇ ਸਾਊਦੀ ਅਰਬ ਵਿੱਚ ਸਖਤ ਮੁਕਾਬਲਾ ਹੋਇਆ ਸੀ। ਚੀਨ ਨੂੰ 2016 ਵਿੱਚ 180 ਵੋਟ ਮਿਲੇ ਸਨ, ਪਰ ਇਸ ਵਾਰ 139 ਵੋਟ ਮਿਲੇ। ਪਾਕਿਸਤਾਨ ਤੇ ਨੇਪਾਲ ਨੂੰ ਦੋਬਾਰਾ ਚੁਣਿਆ ਗਿਆ ਹੈ। ਕੁੱਲ 193 ਮੈਂਬਰੀ ਯੂ ਐੱਨ ਜਨਰਲ ਅਸੈਂਬਲੀ ਦੀ ਗੁਪਤ ਵੋਟਿੰਗ ਵਿੱਚ ਪਾਕਿਸਤਾਨ ਨੂੰ 169 ਵੋਟਾਂ, ਉਜ਼ਬੇਕਿਸਤਾਨ ਨੂੰ 164, ਨੇਪਾਲ ਨੂੰ 150, ਚੀਨ ਨੂੰ 139 ਅਤੇ ਸਾਊਦੀ ਅਰਬ ਨੂੰ ਸਿਰਫ ਨੱਬੇ ਵੋਟ ਮਿਲੀਆਂ ਸਨ।

## ਰੂਸ ਵੱਲੋਂ ਸ਼ੁਰੂਆਤੀ ਟਰਾਇਲ ਪਿੱਛੋਂ ਦੂਸਰੀ ਕੋਰੋਨਾ ਵੈਕਸੀਨ ਨੂੰ ਮਨਜ਼ੂਰੀ

ਮਾਸਕੋ, 15 ਅਕਤੂਬਰ (ਪੋਸਟ ਬਿਊਰੋ)- ਰੂਸ ਨੇ ਕੋਵਿਡ-19 ਦੀ ਦੂਸਰੀ ਵੈਕਸੀਨ ਨੂੰ ਸ਼ੁਰੂ ਦੇ ਟਰਾਇਲ ਦੇ ਬਾਅਦ ਮਨਜ਼ੂਰੀ ਦੇ ਦਿੱਤੀ ਹੈ। ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਸਰਕਾਰੀ ਬੈਠਕ ਵਿੱਚ ਇਸ ਦਾ ਐਲਾਨ ਕੀਤਾ।

ਪਿਛਲੇ ਮਹੀਨੇ ਸਾਈਬੇਰੀਆ ਦੇ ਵੈਕਟਰ ਇੰਸਟੀਚਿਊਟ ਵਿੱਚ ਵਿਕਸਤ ਕੀਤੀ ਗਈ ਇਸ ਵੈਕਸੀਨ ਦੀ ਮਨੁੱਖ ਉੱਤੇ ਮੁੱਢਲੀ ਸਟੇਜ ਦਾ ਟਰਾਇਲ ਮੁਕੰਮਲ ਕਰ ਲਿਆ ਗਿਆ ਹੈ, ਪਰ ਇਸ ਦੇ ਨਤੀਜਿਆਂ ਨੂੰ ਅਜੇ ਤੱਕ ਛਾਪਿਆ ਨਹੀਂ ਗਿਆ ਅਤੇ ਤੀਸਰੇ ਪੜਾਅ ਦਾ ਵੱਡੀ ਪੱਧਰ ਦਾ ਟਰਾਇਲ ਅਜੇ ਸ਼ੁਰੂ ਨਹੀਂ ਹੋਇਆ।




ਰਾਸ਼ਟਰਪਤੀ ਪੁਤਿਨ ਦੇ ਸਰਕਾਰੀ ਟੈਲੀਵੀਜ਼ਨ ’ਤੇ ਪ੍ਰਸਾਰਿਤ ਹੋਏ ਬਿਆਨ ਮੁਤਾਬਕ ਪਹਿਲੇ ਅਤੇ ਦੂਸਰੇ ਪੜਾਅ ਦੇ ਵੈਕਸੀਨ ਦਾ ਉਤਪਾਦਨ ਵਧਾਉਣ ਦੀ ਜ਼ਰੂਰਤ ਹੈ ਅਤੇ ਰੂਸ ਆਪਣੇ ਵਿਦੇਸ਼ੀ ਭਾਈਵਾਲਾਂ ਨਾਲ ਇਸ ਵੈਕਸੀਨ ਨੂੰ ਵਿਦੇਸ਼ ’ਚ ਪ੍ਰਮੋਟ ਕਰਨ ਲਈ ਲਗਾਤਾਰ ਸਹਿਯੋਗ ਕਰ ਰਿਹਾ ਹੈ। ਐਪੀਵਾਕਕੋਰੋਨਾ ਨਾਂਅ ਦੀ ਇਸ ਦੂਸਰੀ ਵੈਕਸੀਨ ਨੂੰ ਰੂਸ ਵਿੱਚ ਵਰਤਣ ਦਾ ਲਾਇਸੰਸ ਦਿੱਤਾ ਗਿਆ ਹੈ। ਨੋਵੋਸੀਬਿਰਸਕ ਵਿੱਚ ਇਸ ਪਲਾਕੇਬੋ-ਕੰਟਰੋਲ ਟਰਾਇਲ ਦੀ 18 ਤੋਂ 60 ਸਾਲ ਉਮਰ ਦੇ 100 ਵਾਲੰਟੀਅਰਾਂ ’ਤੇ ਪਰਖ ਕੀਤੀ ਗਈ ਹੈ। ਐਡੇਨੋਵਾਇਰਸ ਵੈਕਟਰ ਆਧਾਰਿਤ ਇਸ ਵੈਕਸੀਨ ਦੀ ਤੀਜੇ ਪੜਾਅ ਦੀ ਪਰਖ ਤੋਂ ਪਹਿਲਾਂ ਰਜਿਸਟਰੇਸ਼ਨ ਕੀਤੀ ਗਈ ਸੀ, ਜਿਸ ਲਈ ਮਾਸਕੋ ’ਚ 40 ਹਜ਼ਾਰ ਲੋਕਾਂ ’ਤੇ ਟਰਾਇਲ ਕੀਤੀ ਜਾ ਰਹੀ ਹੈ।

## ਇਨਫੈਕਸ਼ਨ ਪਿੱਛੋਂ ਮਹੀਨਿਆਂ ਤੱਕ ਬਿਮਾਰੀ ਦਾ ਅਸਰ ਰਹਿੰਦੈ

ਵਾਸ਼ਿੰਗਟਨ, 15 ਅਕਤੂਬਰ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਲਪੇਟ ਵਿੱਚ ਆਉਣ ਤੋਂ ਬਾਅਦ ਕਈ ਹਫਤੇ ਅਤੇ ਕਈ ਮਹੀਨਿਆਂ ਤੱਕ ਇਸ ਦੇ ਲੱਛਣ ਨਜ਼ਰ ਆਉਂਦੇ ਰਹਿੰਦੇ ਹਨ ਅਤੇ ਮਾਹਰਾਂ ਲਈ ਇਹ ਅਨੁਮਾਨ ਲਾਉਣਾ ਮੁਸ਼ਕਲ ਹੋ ਜਾਂਦਾ ਹੈ ਕਿ ਮਰੀਜ਼ ਕਿੰਨੇ ਸਮੇਂ ਬਾਅਦ ਪੂਰੀ ਤਰ੍ਹਾਂ ਤੰਦਰੁਸਤ ਮਹਿਸੂਸ ਕਰਨਗੇ। ਜਿਨ੍ਹਾਂ ਮਰੀਜ਼ਾਂ ਵਿੱਚ ਇਨਫੈਕਸ਼ਨ ਦੇ ਮਾਮੂਲੀ ਲੱਛਣ ਹੁੰਦੇ ਹਨ, ਉਹ ਛੇਤੀ ਇਸ ਬਿਮਾਰੀ ਤੋਂਨਿਕਲ ਆਉਂਦੇ ਹਨ, ਪਰ ਬਜ਼ੁਰਗ ਤੇ ਗੰਭੀਰ ਇਨਫੈਕਟਿਡ ਮਰੀਜ਼ਾਂ ਨੂੰ ਕਈ ਵਾਰ ਠੀਕ ਹੋਣ ਵਿੱਚ ਤਿੰਨ-ਚਾਰ ਮਹੀਨੇ ਵੀ ਲੱਗ ਜਾਂਦੇ ਹਨ।

ਵਿਸ਼ਵ ਸਿਹਤ ਸੰਗਠਨ ਦਾ ਕਹਿਣਾ ਹੈ ਕਿ ਆਮ ਤੌਰ ’ਤੇ ਮਰੀਜ਼ ਦੋ ਹਫਤੇ ਤੋਂ ਛੇ ਹਫਤੇ ਵਿੱਚ ਤੰਦਰੁਸਤ ਹੋ ਜਾਂਦੇ ਹਨ। ਅਮਰੀਕਾ ਦੇ ਇੱਕ ਸਰਵੇ ਅਨੁਸਾਰ ਮਾਮੂਲੀ ਲੱਛਣਾਂ ਵਾਲੇ ਜਿਨ੍ਹਾਂ ਮਰੀਜ਼ਾਂ ਨੂੰ ਹਸਪਤਾਲ ਵਿੱਚ ਭਰਤੀ ਨਹੀਂ ਕੀਤਾ ਜਾਂਦਾ, ਉਨ੍ਹਾਂਵਿੱਚੋਂ 20 ਫੀਸਦੀ ਲੋਕ ਅਜਿਹੇ ਸਨ, ਜਿਨ੍ਹਾਂ ਵਿੱਚ ਇਨਫੈਕਟਿਡ ਹੋਣ ਦੇ ਘੱਟ ਤੋਂ ਘੱਟ ਦੋ ਹਫਤੇ ਬਾਅਦ ਵੀ ਬਿਮਾਰੀ ਦੇ ਲੱਛਣ ਮਿਲ ਰਹੇ ਸਨ। ਇਟਲੀ ਵਿੱਚ ਕੀਤੇ ਗਏ ਇੱਕ ਸਰਵੇਖਣ ਦੇ ਅਨੁਸਾਰ ਹਸਪਤਾਲ ਵਿੱਚ ਭਰਤੀ ਮਰੀਜ਼ਾਂ ਵਿੱਚੋਂ 87 ਫੀਸਦੀ ਲੋਕਾਂ ਵਿੱਚ ਇਨਫੈਕਸ਼ਨ ਤੋਂ ਦੋ ਮਹੀਨੇ ਬਾਅਦ ਵੀ ਥਕਾਵਟ ਅਤੇ ਸਾਹ ਲੈਣ ਵਿੱਚ ਪ੍ਰੇਸ਼ਾਨੀ ਸਮੇਤ ਕਈ ਲੱਛਣ ਸਨ। ਸ਼ਿਕਾਗੋ ਵਿੱਚ ਫੇਫੜਿਆਂ ਸਬੰਧੀ ਬਿਮਾਰੀਆਂ ਦੇ ਮਾਹਰ ਡਾਕਟਰ ਖਾਲਿਲਾਹ ਗੇਟਸ ਨੇ ਕਿਹਾ ਕਿ ਉਨ੍ਹਾਂ ਦੇ ਕਈ ਮਰੀਜ਼ਾਂ ਵਿੱਚ ਇਨਫੈਕਸ਼ਨ ਹੋਣ ਦੇ ਚਾਰ ਮਹੀਨੇ ਬਾਅਦ ਵੀ ਬਿਮਾਰੀ ਦੇ ਲੱਛਣ ਹਨ। ਉਨ੍ਹਾਂ ਨੇ ਕਿਹਾ ਕਿ ਇਹ ਦੱਸਣਾ ਬਹੁਤ ਮੁਸ਼ਕਲ ਹੈ ਕਿ ਕੋਈ ਮਰੀਜ਼ ਪੂਰੀ ਤਰ੍ਹਾਂ ਤੰਦਰੁਸਤ ਕਦੋਂ ਮਹਿਸੂਸ ਕਰੇਗਾ।

## ਕੋਰੋਨਾ ਦੇ ਡਰ ਹੇਠ ਅਮਰੀਕਾ ਵਿੱਚ ਪਹਿਲਾਂ ਵੋਟ ਪਾਉਣ ਦਾ ਟ੍ਰੈਂਡ ਵਧਿਆ



ਨਿਊ ਯਾਰਕ, 15 ਅਕਤੂਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਲਈ ਚੋਣਾਂ ਵਿੱਚ ਕੱਲ੍ਹ ਤੱਕ 1.3 ਕਰੋੜ ਲੋਕ ਆਪਣਾ ਵੋਟ ਪਾ ਚੁੱਕੇ ਹਨ ਅਤੇ ਤਿੰਨ ਨਵੰਬਰ ਨੂੰ ਵੋਟਿੰਗ ਦਾ ਆਖਰੀ ਦਿਨ ਹੈ। ਫਲੋਰਿਡਾ ਯੂਨੀਵਰਸਿਟੀ ਦੇ ਪੋਲੀਟੀਕਲ ਸਾਇੰਟਿਸਟ ਮਾਈਕਲ ਮੈਕਡੋਨਲਡ ਨੇ ਵੱਖ-ਵੱਖ ਸੂਬਿਆਂ ਦੇ ਡੇਟਾ ਦਾ ਐਨਾਲਿਸਿਸ ਕਰ ਕੇ ਸਰਵੇ ਕੀਤਾ ਹੋਇਆ ਡੇਟਾ ਜਾਰੀ ਕੀਤਾ ਹੈ। ਉਨ੍ਹਾਂ ਦੇ ਮੁਤਾਬਕ ਕੱਲ੍ਹ ਤੱਕ 1,30,15,675 ਲੋਕ ਆਪਣੀ ਵੋਟ ਪਾ ਚੁੱਕੇ ਹਨ। ਇਨ੍ਹਾਂ ਵਿੱਚੋਂ ਕਰੀਬ ਸੱਠ ਲੱਖ ਲੋਕਾਂ ਨੇ ਮੇਲ ਰਾਹੀਂ ਵੋਟਿੰਗ ਕੀਤੀ ਹੈ। ਇਸ ਮਿਆਦ ਤੱਕ 2016 ਤੱਕ ਮਸਾਂ 14 ਲੱਖ ਲੋਕਾਂ ਨੇ ਵੋਟ ਪਾਈ ਸੀ। ਇਸ ਵਾਰ ਪਿਛਲੀ ਚੋਣ ਦੇ ਮੁਕਾਬਲੇ ਕੱਲ੍ਹ ਤੱਕ 10 ਗੁਣਾ ਵੋਟ ਪੈ ਚੁੱਕੇ ਹਨ। ਪੰਜ ਰਾਜਾਂ ਮਿਨੀਸੋਟਾ, ਸਾਊਥ ਡਕੋਟਾ, ਵਰਮਾਂਟ, ਵਰਜੀਨੀਆ ਤੇ ਵਿਸਕਾਨਸਿਨ ਵਿੱਚ 2016 ਦੇ ਮੁਕਾਬਲੇ 20 ਫੀਸਦੀ ਵੱਧ ਵੋਟ ਪਏ ਹਨ। ਆਖਰੀ ਵੋਟਿੰਗ ਤੋਂ ਪਹਿਲਾਂ ਵਧਦੀ ਵੋਟਿੰਗ ਦਾ ਕਾਰਨ ਕੋਰੋਨਾ ਹੈ, ਜਿਸ ਨੇ ਲੋਕਾਂ ਨੂੰ ਸੁਰੱਖਿਅਤ ਵੋਟਿੰਗ ਕਰਨ ਲਈ ਪ੍ਰੇਰਿਤ ਕੀਤਾ ਹੈ। ਅਮਰੀਕਾ ਵਿੱਚ ਵੋਟਰ ਮੇਲ ਅਤੇ ਕੇਂਦਰੀ ਬੂਥ ਉਤੇ ਜਾ ਕੇ ਬੈਲੇਟ ਦੇ ਰਾਹੀਂ ਫਾਈਨਲ ਵੋਟਿੰਗ ਤੋਂ ਦੋ ਮਹੀਨੇ ਪਹਿਲਾਂ ਵੋਟ ਪਾ ਸਕਦੇ ਹਨ।

ਅਮਰੀਕਾ ਵਿੱਚ ਆਮ ਤੌਰ ਉਤੇ ਬਜ਼ੁਰਗ, ਫੌਜੀ ਕਰਮਚਾਰੀ ਤੇ ਵਿਦੇਸ਼ਾਂ ਵਿੱਚ ਰਹਿ ਰਹੇ ਅਮਰੀਕੀ ਮੇਲ ਰਾਹੀਂ ਵੋਟਿੰਗ ਦੀ ਸਹੂਲਤ ਦਾ ਇਸਤੇਮਾਲ ਕਰਦੇ ਹਨ, ਪਰ ਇਸ ਵਾਰ ਕੋਰੋਨਾ ਦੀ ਮਹਾਮਾਰੀ ਨੂੰ ਦੇਖਦੇ ਹੋਏ ਰਾਜਾਂ ਨੇ ਇਸ ਨਿਯਮ ਨੂੰ ਲਚਕੀਲਾ ਕੀਤਾ ਹੈ। 34 ਰਾਜਾਂ ਦੇ ਲੋਕ ਸਹੀ ਕਾਰਨ ਦੱਸੇ ਬਿਨਾਂ ਮੇਲ ਰਾਹੀਂ ਵੋਟਿੰਗ ਕਰ ਸਕਦੇ ਹਨ। ਸੱਤ ਰਾਜਾਂ ਵਿੱਚ ਮੇਲ ਰਾਹੀ ਵੋਟਿੰਗ ਕਰਨ ਲਈ ਵਾਜਿਬ ਵਜ੍ਹਾ ਦੱਸਣੀ ਹੋਵੇਗੀ। ਨੌਂ ਰਾਜਾਂ ਅਤੇ ਵਾਸ਼ਿੰਗਟਨ ਡੀ ਸੀ ਪ੍ਰਸ਼ਾਸਨ ਸਾਰੇ ਵੋਟਰਾਂ ਨੂੰ ਮੇਲ ਬੈਲੇਟ ਭੇਜ ਰਿਹਾ ਹੈ। ਏਥੋਂ ਵੋਟਰ ਨੂੰ ਮੇਲ ਵੋਟਿੰਗ ਕਰਨ ਲਈ ਅਪਲਾਈ ਨਹੀਂ ਕਰਨਾ ਪਵੇਗਾ।

# ਡੋਨਾਲਡ ਟਰੰਪ ਦੇ ਨਾਨਕਿਆਂ ਦੇ ਲੋਕ ਉਹਦੀ ਹਾਰ ਚਾਹੁੰਦੇ ਨੇ

*** ਕਹਿੰਦੇ ਨਿਵੇਸ਼ ਅਤੇ ਰੋਜ਼ਗਾਰ ਦਾ ਝਾਂਸਾ ਦੇ ਕੇ ਸਾਨੂੰ ਬਰਬਾਦ ਕੀਤੈ**

ਐਬਰਡਿਨ ਸ਼ਾਇਰ (ਸਕਾਟਲੈਂਡ), 15 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਾਨਕੇ ਪਿੰਡ, ਜਿਹੜਾ ਸਕਾਟਲੈਂਡ ਵਿੱਚ ਹੈ, ਦੇ ਲੋਕ ਨਹੀਂ ਚਾਹੰਦੇ ਕਿ ਟਰੰਪ ਇੱਕ ਵਾਰ ਫਿਰ ਸੱਤਾ ਸੰਭਾਲੇ।

ਸਕਾਟਲੈਂਡ ਦੇ ਏਬਰਡਿਨ ਸ਼ਾਇਰ ਵਿੱਚ ਬਾਲਮੇਡੀ ਨਾਂਅ ਦਾ ਪਿੰਡ ਹੈ, ਇਸ ਨੂੰ ਮੇਨੀ ਵੀ ਕਿਹਾ ਜਾਂਦਾ ਹੈ। ਇਥੋਂ ਦੀ ਵਸਨੀਕ ਸੁਜੈਨ ਕੇਲੀ ਕਹਿੰਦੀ ਹੈ, ‘ਅਸੀਂ ਉਨ੍ਹਾਂ ਦੇ ਆਪਣੇ ਸੀ। ਸਾਨੂੰ ਤੱਕ ਨਹੀਂ ਬਖਸ਼ਿਆ। ਬਰਬਾਦ ਕਰ ਕੇ ਰੱਖ ਦਿੱਤਾ।’ 12 ਸਾਲ ਪੁਰਾਣੇ ਗੋਲਫ ਕੋਰਸ ਰਿਸਾਰਟ ਬਣਾਉਣ ਦੇ ਕੇਸ ਵਿੱਚ ਟਰੰਪ ਨੇ ਪਿੰਡ ਵਾਲਿਆਂ ਦੀ ਬਿਜਲੀ-ਪਾਣੀ ਦੀ ਲਾਈਨ ਤੱਕ ਕਟਵਾ ਦਿੱਤੀ ਸੀ। ਇਸ ਲਈ ਅੱਜ ਉਹ ਚਾਹੁੰਦੇ ਹਨ ਕਿ ਟਰੰਪ ਦੇ ਫਾਇਨੈਂਸ ਤੇ ਟੈਕਸ ਚੋਰੀ ਦੀ ਜਾਂਚ ਹੋਵੇ ਅਤੇ ਉਨ੍ਹਾਂ ’ਤੇ ਕਾਨੂੰਨੀ ਕਾਰਵਾਈ ਵੀ ਕੀਤੀ ਜਾਏ।

ਅਸਲ ਵਿੱਚ ਸਾਲ 2006 ਵਿੱਚ ਡੋਨ-ਾਲਡ ਟਰੰਪ ਨੇ ਮੇਨੀ ਪਿੰਡ ਵਿੱਚ 1400 ਏਕੜ ਜ਼ਮੀਨ ਖਰੀਦੀ ਅਤੇ ਇਥੇ ਵਿਸ਼ਵ ਪੱਧਰ ਦਾ ਗੋਲਫ ਕੋਰਸ ਰਿਸਾਰਟ ਬਣਾਉਣ ਦੇ ਨਾਂਅ ਉਤੇ ਉਨ੍ਹਾਂ ਨੇ 10 ਹਜ਼ਾਰ ਏਕੜ ਰੁਪਏ



ਨਿਵੇਸ਼ ਦਾ ਭਰੋਸਾ ਦਿਵਾਇਆ ਸੀ ਅਤੇ ਇਹ ਵੀ ਕਿਹਾ ਸੀ ਕਿ ਇਸ ਨਾਲ ਛੇ ਹਜ਼ਾਰ ਲੋਕਾਂ ਨੂੰ ਰੋਜ਼ਗਾਰ ਮਿਲਣ ਦੇ ਨਾਲ ਅਰਥ ਵਿਵਸਥਾ ਮਜ਼ਬੂਤ ਹੋਵੇਗੀ। ਸਾਲ 2008 ਵਿੱਚ ਜਦ ਗੋਲਫ ਕੋਰਸ ਬਣਾਉਣਾ ਸ਼ੁਰੂ ਕੀਤਾ ਤਾਂ ਲੋਕਾਂ ਨੂੰ ਇਹ ਪਤਾ ਲੱਗਾ ਕਿ ਉਨ੍ਹਾਂ ਨੂੰ ਘਰਾਂ ਵਿੱਚੋਂ ਜਬਰੀ ਬੇਦਖਲ ਕੀਤਾ ਜਾ ਰਿਹਾ ਹੈ। ਟਰੰਪ ਨਹੀਂ ਚਾਹੁੰਦੇ ਸਨ ਕਿ ਉਨ੍ਹਾਂ ਦੀ ਪ੍ਰਾਪਰਟੀ ਵਿੱਚੋਂ ਗਰੀਬ ਲੋਕ ਅਤੇ ਉਨ੍ਹਾਂ ਦੇ ਮਕਾਨ ਦਿਖਾਈ ਪੈਣ। ਲੋਕਾਂ ਉਤੇ ਦਬਾਅ ਪਾਉਣ ਲਈ ਉਨ੍ਹਾਂ ਦੇ ਘਰਾਂ ਦੇ ਪਾਣੀ-ਬਿਜਲੀ ਦਾ ਕੁਨੈਕਸ਼ਨ ਕਟਵਾ ਦਿੱਤਾ ਸੀ। ਆਸਪਾਸ ਦੇ ਸੈਂਕੜੇ ਰੁੱਖ ਕਟਵਾ ਕੇ ਉਨ੍ਹਾਂ ਦੀ ਜ਼ਮੀਨ ’ਤੇ ਇੰਨਾ ਮਲਬਾ ਪਾ ਦਿੱਤਾ ਕਿ ਉਥੇ ਆਸ-ਪਾਸ ਦੇ ਘਰ ਦਿੱਸਣੇ ਬੰਦ ਹੋ ਗਏ। ਇਨ੍ਹਾਂ ਘਰਾਂ ਤੋਂ ਜਿਹੜਾ ਸਮੁੰਦਰ ਦਿਸਦਾ ਸੀ, ਉਸ ਦੀ ਜਗ੍ਹਾ ਸਿਰਫ ਮਲਬਾ ਦਿਸਣ ਲੱਗ ਪਿਆ। ਪੁਲਸ ਤੋਂ ਲੈ ਕੇ ਵੱਡੇ ਅਫਸਰਾਂ ਤੱਕ ਸ਼ਿਕਾਇਤ ਕੀਤੀ ਗਈ, ਪਰ ਸੁਣਵਾਈ ਨਹੀਂ ਹੋਈ। ਉਲਟਾ ਇਥੋਂ ਦੀ ਰਾਬਰਟ ਗਾਰਡਨ ਯੂਨੀਵਰਸਿਟੀ ਨੇ ਟਰੰਪ ਨੂੰ ਬਿਜ਼ਨਸ ਐਡਮਨਿਸਟ੍ਰੇਸ਼ਨ ਵਿੱਚ ਆਨਰੇਰੀ ਡਿਗਰੀ ਦੇ ਦਿੱਤੀ। ਇਸ ਦੇ ਖਿਲਾਫ ਉਸੇ ਯੂਨੀਵਰਸਿਟੀ ਦੇ ਸਾਬਕਾ ਪ੍ਰਿੰਸੀਪਲ ਨੇ ਆਪਣੀ ਡਿਗਰੀ ਮੋੜ ਕੇ ਵਿਰੋਧੀ ਵੀ ਦਰਜ ਕਰਾਇਆ।

ਟਰੰਪ ਦੀ ਇਸੇ ਡਿਗਰੀ ਦੇ ਖਿਲਾਫ ਸੁਜੈਨ ਨੇ ਮੁਹਿੰਮ ਸ਼ੁਰੂ ਕੀਤੀ ਸੀ ਅਤੇ ਇਸ ਵਿੱਚ ਕਰੀਬ ਛੇ ਲੱਖ ਲੋਕਾਂ ਨੇ ਦਸਖਤ ਕਰ ਕੇ ਮੰਗ ਕੀਤੀ ਕਿ ਇਹ ਡਿਗਰੀ ਰੱਦ ਹੋਣੀ ਚਾਹੀਦੀ ਹੈ। ਇਸ ਮੁਹਿੰਮ ਪਿੱਛੋਂ ਬ੍ਰਿਟੇਨ ਦੇ ਵੈਸਟਮਿੰਸਟਰ ਵਿੱਚ ਪਾਰਲੀਮੈਂਟ ਮੈਂਬਰਾਂ ਨੇ ਬਹਿਸ ਕੀਤੀ ਕਿ ਕਿਉਂ ਨਾ ਟਰੰਪ ਦੇ ਯੂ ਕੇ ਆਉਣ ਉੱਤੇ ਪਾਬੰਦੀ ਹੀ ਲਾ ਦਿੱਤੀ ਜਾਏ।

ਸਥਾਨਕ ਲੋਕਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਭੂਮਿਕਾ 86 ਸਾਲ ਦੀ ਮੌਲੀ ਫੋਬਰਸ ਨਾਂਅ ਦਾ ਮਹਿਲਾ ਨੇ ਨਿਭਾਈ ਸੀ। ਉਨ੍ਹਾਂ ਦੇ ਬੇਟੇ ਮਾਈਕਲ ਅੱਜ ਤੱਕ ਵੀ ਇਹ ਲੜਾਈ ਲੜ ਰਹੇ ਹਨ। ਉਨ੍ਹਾਂ ਨੇ ਡੋਨਾਲਡ ਟਰੰਪ ਦੀ ਪ੍ਰਾਪਰਟੀ ਦੇ ਨੇੜੇ ਆਪਣੀ ਪ੍ਰਾਪਰਟੀ ਉੱਤੇ ਮੈਕਸੀਕੋ ਦਾ ਝੰਡਾ ਲਾਇਆ ਹੋਇਆ ਹੈ, ਸਿਰਫ ਇਹ ਦੱਸਣ ਦੇ ਲਈ ਕਿ ਟਰੰਪ ਦੀ ਦੀਵਾਰ ਇਥੇ ਟਿਕ ਨਹੀਂ ਸਕੇਗੀ।

## ਚੀਨ ਅਤੇ ਖੱਬੇ ਪੱਖੀ ਲੋਕ ਬਾਈਡੇਨ ਦੀ ਜਿੱਤ ਲਈ ‘ਉਤਾਵਲੇ’: ਟਰੰਪ

ਵਾਸ਼ਿੰਗਟਨ, 15 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਚੀਨ ਅਤੇ ਖੱਬੇ ਪੱਖੀ ਲੋਕ ਰਾਸ਼ਟਰਪਤੀ ਅਹੁਦੇ ਦੀਆਂ ਚੋਣਾਂ ’ਚ ਜੋਅ ਬਾਈਡੇਨ ਦੀ ਜਿੱਤ ਲਈ ‘ਉਤਾਵਲੇ’ ਹਨ, ਕਿਉਂਕਿ ਜੋਅ ਬਾਈਡੇਨ ਆਪਣੀ ਜਿੱਤ ਦੇ ਬਾਅਦ ਚੀਨ ਨੂੰ ਨੌਕਰੀਆਂ ਦੇਣਗੇ। ਟਰੰਪ ਨੇ ਕੋਵਿਡ-19 ਨਾਲ ਇਨਫੈਕਟਿਡ ਹੋਣ ਪਿੱਛੋਂ ਪੈਂਸਲਵੇਨੀਆ ਵਿੱਚ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਆਪਣੇ ਮੁਕਾਬਲੇਬਾਜ਼ ਉੱਤੇ ਜੋਅ ਬਾਈਡੇਨ ਨਿਸ਼ਾਨਾ ਵਿੰਨ੍ਹਿਆ ਅਤੇ ਕਿਹਾ ਕਿ ਬਾਈਡੇਨ ਨੂੰ ‘ਆਤਮ ਸਮਰਪਣ’ ਕਰਨ ਲਈ ਜਾਣਿਆ ਜਾਂਦਾ ਹੈ, ਭਾਵੇਂ ਉਹ ਚੀਨ ਹੋਵੇ ਜਾਂ ਕਿਊਬਾ। ਉਨ੍ਹਾਂ ਕਿਹਾ ਕਿ ਬਾਈਡੇਨ ਚੀਨ ਵਿਰੁੱਧ ਟੈਕਸ ਵਿੱਚ ਕਟੌਤੀ ਕਰਨਗੇ, ਕਿਉਂਕਿ ਉਹ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਉਹ ਚੀਨ ’ਤੇ ਲੱਗੇ ਟੈਕਸ ਹਟਾਉਣਗੇ। ਉਨ੍ਹਾਂ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਦੀ ਸਿਆਸਤ ਦੇ ਇਤਿਹਾਸ ਵਿੱਚ ਬਾਈਡੇਨ ਸਭ ਤੋਂ ਖਰਾਬ ਉਮੀਦਵਾਰ ਹਨ। ਟਰੰਪ ਨੇ ਕਿਹਾ ਕਿ ਉਹ ਕੋਵਿਡ-19 ਨਾਲ ਇਨਫੈਕਟਿਡ ਹੋਣ ਪਿੱਛੋਂ ਪ੍ਰਯੋਗਾਤਮਕ ਇਲਾਜ ਤੋਂ ਬਾਅਦ ‘ਸੁਪਰਮੈਨ’ ਵਾਂਗ ਮਹਿਸੂਸ ਕਰ ਰਹੇ ਹਨ ਅਤੇ ਇਸ ਇਲਾਜ ਨੇ ਉਨ੍ਹਾਂ ਦੀ ਬੀਮਾਰੀ ਦੇ ਖ਼ਿਲਾਫ਼ ਉਨ੍ਹਾਂ ਵਿੱਚ ਰੋਗ ਰੋਕੂ ਸਮਰੱਥਾ ਭਰ ਦਿੱਤੀ ਹੈ।

## ਪ੍ਰਚਾਰ ਮੁਹਿੰਮ ’ਚ ਡਾ. ਫੌਸੀ ਦਾ ਗਲਤ ਲਾਭ ਲੈ ਰਹੇ ਨੇ ਟਰੰਪ ਤੇ ਬਾਈਡੇਨ



ਲਾਸ ਏਂਜਲਸ, 15 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਅਜੋਕੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਸਾਬਕਾ ਉਪ ਰਾਸ਼ਟਰਪਤੀ ਜੋਅ ਬਾਈਡੇਨ ਰਾਸ਼ਟਰਪਤੀ ਅਹੁਦੇ ਦੀ ਚੋਣ ਤੋਂ ਪਹਿਲਾਂ ਆਪਣੀ-ਆਪਣੀ ਪ੍ਰਚਾਰ ਮੁਹਿੰਮ ਦੌਰਾਨ ਦੇਸ਼ ਦੇ ਮੰਨੇ-ਪ੍ਰਮੰਨੇ ਇਨਫੈਕਸ਼ਨ ਰੋਗ ਮਾਹਿਰ ਡਾ. ਫੌਸੀ ਦੀ ਭਰੋਸੇ ਯੋਗਤਾ ਦਾ ਗਲਤ ਲਾਭਉਠਾ ਰਹੇ ਹਨ।

ਟਰੰਪ ਦੀ ਚੋਣ ਪ੍ਰਚਾਰ ਮੁਹਿੰਮ ਨੇ ਡਾ: ਫੌਸੀ ਵੱਲੋਂ ਮਾਰਚ ਵਿੱਚ ਦਿੱਤੀ ਗਈ ਇੱਕ ਇੰਟਰਵਿਊ ਦੇ ਵੀਡੀਓ ਦਾ ਪਿਛਲੇ ਹਫਤੇ ਆਪਣੇ ਇਸ਼ਤਿਹਾਰ ਦੇ ਤੌਰ ਉੱਤੇ ਇਸਤੇਮਾਲ ਕੀਤਾ ਹੈ।ਇਸ ਵੀਡੀਓ ’ਚ ਡਾ: ਫੌਸੀ ਕਹਿ ਰਹੇ ਹਨ ਕਿ ਮੈਂ ਇਸ ਦੀ ਕਲਪਨਾ ਵੀ ਨਹੀਂ ਕਰ ਸਕਦਾ ਕਿ ਵਾਇਰਸ ਨਾਲ ਨਜਿੱਠਣ ਲਈ ਕੋਈ ਹੋਰ ਆਗੂ ਇਸ ਤੋਂ ਬਿਹਤਰ ਹੋ ਸਕਦਾ ਸੀ। ਵੀਡੀਓ ਵਿੱਚ ਅਜਿਹਾ ਲੱਗਦਾ ਹੈ ਕਿ ਡਾ. ਫੌਸੀ ਰਾਸ਼ਟਰਪਤੀ ਦੀ ਪ੍ਰਸ਼ੰਸਾ ਕਰ ਰਹੇ ਹਨ, ਪਰ ਡਾਕਟਰ ਦਾ ਕਹਿਣਾ ਹੈ ਕਿ ਉਹ ਇਸ ਵੀਡੀਓ ਵਿੱਚ ਕਿਸੇ ਇੱਕ ਵਿਅਕਤੀ ਦੀ ਨਹੀਂ, ਮੋਟੇ ਤੌਰ ’ਤੇ ਅਮਰੀਕਾ ਦੀ ਸਰਕਾਰ ਦੀ ਪ੍ਰਸ਼ੰਸਾ ਕਰ ਰਹੇ ਸਨ। ਟਰੰਪ ਦੀ ਪ੍ਰਚਾਰ ਮੁਹਿੰਮ ਨੇ ਇਸ ਇਸ਼ਤਿਹਾਰ ਨੂੰ ਹਟਾਉਣ ਤੋਂ ਨਾਂਹ ਕਰ ਦਿੱਤੀ ਅਤੇ ਕਿਹਾ ਕਿ ਇਸ ਵੀਡੀਓ ’ਚ ਫੌਸੀ ਦੇ ਬਿਆਨ ਉਨ੍ਹਾਂ ਦੇ ਖੁਦ ਦੇ ਸ਼ਬਦ ਹਨ। ਦੂਸਰੇ ਪਾਸੇ ਬਾਈਡੇਨ ਆਪਣੀਆਂ ਰੈਲੀਆਂ ਵਿੱਚ ਵਾਅਦਾ ਕਰ ਰਹੇ ਹਨ ਕਿ ਜੇਉਨ੍ਹਾਂ ਨੂੰ ਰਾਸ਼ਟਰਪਤੀ ਚੁਣਿਆ ਜਾਂਦਾ ਹੈ ਤਾਂ ਉਹ ਡਾ: ਫੌਸੀ ਦੀ ਸਲਾਹ ਮੁਤਾਬਕ ਕੰਮ ਕਰਨਗੇ। ਉਹ ਫੌਸੀ ਦੇ ਨਜ਼ਰੀਏ ਨਾਲ ਖੁਦ ਨੂੰ ਜੋੜ ਕੇ ਦਿਖਾਉਣ ਦੀ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ।

## ਟਰੰਪ ਤੇ ਬਾਇਡਨ ਇੱਕ ਵਾਰ ਫਿਰ ਮਿਹਣੋ-ਮਿਹਣੀ

ਵਾਸ਼ਿੰਗਟਨ, 15 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਜੋਅ ਬਾਇਡਨ ਨੇ ਇੱਕ ਵਾਰ ਫਿਰ ਵੱਖ-ਵੱਖ ਥਾਵਾਂ ਉੱਤੇ ਚੋਣ ਪ੍ਰਚਾਰ ਦੌਰਾਨ ਇੱਕ-ਦੂਜੇ ਉੱਤੇ ਦੋਸ਼ਾਂ ਦੀ ਝੜੀ ਲਾ ਦਿੱਤੀ ਹੈ। ਇਸ ਨਾਲ ਰਾਸ਼ਟਰਪਤੀ ਚੋਣ ਵਿੱਚ ਇੱਕ ਨਵਾਂ ਮੋੜ ਆਉਂਦਾ ਜਾਪਦਾ ਹੈ।



ਕੋਰੋਨਾ ਵਾਇਰਸ ਤੋਂ ਠੀਕ ਹੋਣ ਪਿੱਛੋਂ ਫਲੋਰੀਡਾ ਵਿੱਚ ਪਹਿਲੀ ਚੋਣ ਰੈਲੀ ਵਿੱਚ ਬੋਲਦੇ ਵਕਤ ਡੋਨਾਲਡ ਟਰੰਪ ਨੇ ਕਿਹਾ ਕਿ ਜੋਅ ਬਾਇਡਨ ਨੇ ਡੈਮੋਕ੍ਰੇਟਿਕ ਪਾਰਟੀ ਦਾ ਉਮੀਦਵਾਰ ਬਣਨ ਲਈ ਸਮਾਜਵਾਦੀ, ਮਾਰਕਸਵਾਦੀ ਅਤੇ ਖੱਬੇ ਪੱਖੀ ਕੱਟੜਵਾਦੀਆਂ ਨੂੰ ਪਾਰਟੀ ਦੀ ਕਮਾਨ ਸੌਂਪ ਦਿੱਤੀ ਹੈ।ਉਨ੍ਹਾਂ ਕਿਹਾ, ‘ਇਹ ਦੇਸ਼ ਦੇ ਇਤਿਹਾਸ ਦੀ ਸਭ ਤੋਂ ਅਹਿਮ ਚੋਣ ਹੈ ਅਤੇ ਸਾਨੂੰ ਜਿੱਤਣਾ ਪਵੇਗਾ।’ਉਨ੍ਹਾਂ ਕਿਹਾ ਕਿ ਜੋਅ ਬਾਇਡਨ ਚੋਣ ਜਿੱਤ ਗਏ ਤਾਂ ਖੱਬੇ ਪੱਖੀ ਕੱਟੜਪੰਥੀ ਇਸ ਦੇਸ਼ ਨੂੰ ਚਲਾਉਣਗੇ। ਉਨ੍ਹਾਂ ਦੋਸ਼ ਲਾਇਆ ਕਿ ਡੈਮੋਕ੍ਰੇਟਿਕ ਪਾਰਟੀ ਦੇਆਗੂ ਸਮਾਜਵਾਦੀ ਨੌਕਰੀਆਂ, ਪੁਲਸ ਵਿਭਾਗ ਤੇ ਸਰਹੱਦਾਂ ਨੂੰ ਖਤਮ ਕਰ ਦੇਣਗੇ। ਵਰਨਣ ਯੋਗ ਹੈ ਕਿ ਵ੍ਹਾਈਟ ਹਾਊਸ ਦੇ ਡਾ. ਸੀਨ ਕੌਨਲੀ ਨੇ ਦੱਸਿਆ ਹੈ ਕਿ ਟਰੰਪ ਦੀ ਕੋਰੋਨਾ ਜਾਂਚ ਵਿੱਚ ਉਹ ਫਿਰ ਨੈਗੇਟਿਵ ਆਏ ਹਨ ਅਤੇ ਉਨ੍ਹਾਂਤੋਂ ਕਿਸੇ ਨੂੰ ਲਾਗ ਲੱਗਣ ਦਾ ਕੋਈ ਖਤਰਾ ਨਹੀਂ।

ਦੂਸਰੇ ਪਾਸੇ ਓਹਾਈਓ ਦੇ ਸਿਨਸਿਨਾਟੀ ਵਿੱਚ ਚੋਣ ਰੈਲੀ ਨੂੰ ਸੰਬੋਧਨ ਕਰਦੇ ਵਕਤਜੋਅ ਬਾਇਡਨ ਨੇ ਦੇਸ਼ ਨੂੰ ਵੰਡਣ ਲਈ ਡੋਨਾਲਡ ਟਰੰਪ ਦੀਆਂ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਕਿਹਾ ਕਿ ਅਮਰੀਕਾ ਵਿੱਚ ਦੋਵੇਂ ਵੱਡੀਆਂ ਪਾਰਟੀਆਂ (ਰਿਪਬਲਿਕਨ ਅਤੇ ਡੈਮੋਕਰੇਟਿਕ) ਵਿਚਾਲੇ ਸਹਿਯੋਗ ਦੀ ਭਾਵਨਾ ਮੁੜ ਪੈਦਾ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਨੂੰ ਅਜਿਹੀ ਲੀਡਰਸ਼ਿਪ ਦੀ ਲੋੜ ਹੈ, ਜੋ ਤਣਾਅ ਘੱਟ ਕਰ ਕੇ ਵਾਰਤਾ ਦੇ ਰਾਹ ਖੋਲ੍ਹੇ। ਉਨ੍ਹਾਂ ਕਿਹਾ ਕਿ ਟਰੰਪ ਦੀਆਂ ਨੀਤੀਆਂ ਕਾਰਨ ਕੋਵਿਡ 19 ਕਰ ਕੇ 2,14,000 ਤੋਂ ਵੱਧ ਅਮਰੀਕੀਆਂ ਦੀ ਮੌਤ ਹੋ ਗਈ ਹੈ।

ਕੋਰੋਨਾ ਵਾਇਰਸ ਰੋਕਣ ਦੀ ਜੰਗ ਵਿੱਚ ਬੇਮਿਆਦੀ ਲਾਕਡਾਊਨ ਲਾਗੂ ਕਰਨ ਦੀ ਵਕਾਲਤ ਕਰਨ ਵਾਲੇ ਲੋਕਾਂ ਦਾ ਵਿਰੋਧ ਕਰਦਿਆਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਇਲਾਜ ਸਮੱਸਿਆ ਤੋਂ ਬਦਤਰ ਕਦੇ ਨਹੀਂ ਹੋਣਾ ਚਾਹੀਦਾ। ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਲਾਕਡਾਊਨ ਨਾਲ ਰਾਜਾਂ ਨੂੰ ਵੱਡੇ ਪੱਧਰ ’ਤੇ ਨੁਕਸਾਨ ਹੋਇਆ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਉਸ ਦੀਆਂ ਨੀਤੀਆਂ ਨੇ ਲੱਖਾਂ ਲੋਕਾਂ ਦੀ ਜਾਨ ਬਚਾਈ ਹੈ।

# ਦੁਨੀਆ ਨੂੰ ਕੋਰੋਨਾ ਵਿੱਚ ਫਸਾ ਕੇ ਚੀਨ ਮਾਲਾਮਾਲ ਹੋਇਆ

ਪੇਈਚਿੰਗ, 15 ਅਕਤੂਬਰ (ਪੋਸਟ ਬਿਊਰੋ)- ਪੂਰੀ ਦੁਨੀਆ ਨੂੰ ਕੋਰੋਨਾ ਵਾਇਰਸ ਦੀ ਦਲਦਲ ’ਚ ਧੱਕਣ ਵਾਲਾ ਚੀਨ ਖੁਦ ਮਾਲਾਮਾਲ ਹੋ ਰਿਹਾ ਹੈ। ਉਸ ਦੀ ਆਰਥਿਕਤਾ ਪਟੜੀ ’ਤੇ ਪਰਤ ਰਹੀ ਹੈ।

ਕਸਟਮ ਡਿਊਟੀ ਵਿਭਾਗ ਵੱਲੋਂ ਜਾਰੀ ਅੰਕੜਿਆਂ ਮੁਤਾ-ਬਕ ਚੀਨ ਦੀ ਐਕਸਪੋਰਟ9.9 ਫੀਸਦੀ ਵਧ ਕੇ 239.8 ਅਰਬ ਡਾਲਰ ਉਤੇ ਪਹੁੰਚ ਗਈ ਹੈ। ਅਗਸਤ ’ਚ ਐਕਸਪੋਰਟਵਿੱਚ 9.5 ਫੀਸਦੀ ਦਾ ਵਾਧਾ ਹੋਇਆ ਸੀ। ਇਸ ਤਰ੍ਹਾਂ ਸਤੰਬਰ ’ਚ ਇੰਪੋਰਟ 13.2 ਫੀਸਦੀ ਵਧ ਕੇ 202.8 ਅਰਬ ਡਾਲਰ ’ਤੇ ਪਹੁੰਚ ਗਈ। ਅਗਸਤ ’ਚ ਚੀਨ ਦੀ ਇੰਪੋਰਟ’ਚ 2.1 ਫੀਸਦੀ ਦੀ ਗਿਰਾਵਟ ਆਈ ਸੀ। ਕੋਵਿਡ-19 ਮਹਾਮਾਰੀ ਦੇ ਕਾਰਨ ਦੁਨੀਆ ਦੀਆਂ ਆਰਥਿਕਤਾਵਾਂ ਵਿੱਚ ਲਾਕਡਾਊਨ ਲਾਇਆ ਗਿਆ ਸੀ, ਪਰ ਚੀਨ ਦੀ ਆਰਥਿਕਤਾ ਲਾਕਡਾਊਨ ਤੋਂ ਬਾਅਦ ਛੇਤੀ ਖੁੱਲ੍ਹ ਗਈ, ਜਿਸ ਦਾ ਲਾਭ ਉਸ ਦੇ ਐਕਸਪੋਰਟਰਜ਼ ਨੂੰ ਹੋ ਰਿਹਾ ਹੈ। ਵਿਸ਼ੇਸ਼ ਕਰ ਕੇ ਮਾਸਕ ਅਤੇ ਮੈਡੀਕਲ ਸਪਲਾਈ ਦੇ ਮਾਮਲੇ ’ਚ ਚੀਨ ਦੇ ਐਕਸਪੋਰਟਰਜ਼ ਦੀ ਚਾਂਦੀ ਹੈ ਅਤੇ ਉਹ ਵਿਦੇਸ਼ੀ ਮੁਕਾਬਲੇਬਾਜ਼ਾਂ ਦੀ ਬਾਜ਼ਾਰ ਹਿੱਸੇਦਾਰੀ ਵੀ ਹਾਸਲ ਕਰ ਰਹੇ ਹਨ।

ਇੱਕ ਸਾਲ ਪਹਿਲਾਂ ਦੀ ਤੁਲਨਾ ’ਚ ਸਤੰਬਰ ਵਿੱਚ ਚੀਨ



ਦਾ ਕੌਮਾਂਤਰੀ ਵਪਾਰ 6.6 ਫੀਸਦੀ ਵਧ ਕੇ 37 ਅਰਬ ਡਾਲਰ ’ਤੇ ਪਹੁੰਚ ਗਿਆ। ਉਂਜ ਅਗਸਤ ਦੇ 58.9 ਅਰਬ ਡਾਲਰ ਦੇ ਅੰਕੜੇ ਦੀ ਤੁਲਨਾ ’ਚ ਇਹ ਕਾਫੀ ਘੱਟ ਹੈ। ਚੀਨ ਦਾ ਅਮਰੀਕਾ ਨਾਲ ਲੰਮੇ ਸਮੇਂ ਤੋਂ ਵਪਾਰਕ ਵਿਵਾਦ ਚੱਲ ਰਿਹਾ ਹੈ। ਇਸ ਦੇ ਬਾਵਜੂਦ ਸਤੰਬਰ ਵਿੱਚ ਅਮਰੀਕਾ ਨੂੰ ਚੀਨ ਦੀ ਐਕਸਪੋਰਟ 20.5 ਫੀਸਦੀ ਵਧ ਕੇ 44 ਅਰਬ ਡਾਲਰ ’ਤੇ ਪਹੁੰਚ ਗਈ। ਅਮਰੀਕੀ ਵਸਤਾਂ ਦੀ ਇੰਪੋਰਟ 24.5 ਫੀਸਦੀ ਵਧ ਕੇ 13.2 ਅਰਬ ਡਾਲਰ ਰਹੀ।ਚੀਨ ਦੁਨੀਆ ਦੀ ਪਹਿਲੀ ਵੱਡੀ ਆਰਥਿਕਤਾ ਹੈ,ਜਿਹੜੀ ਕੋਵਿਡ-19 ਤੋਂ ਪਹਿਲਾਂ ਦੇ ਵਾਧੇ ਦੇ ਪੱਧਰ ’ਤੇ ਪਹੁੰਚੀ ਹੈ। ਦੂਜੀ ਤਿਮਾਹੀ ਵਿੱਚ ਚੀਨ ਦੀ ਵਾਧਾ ਦਰ 3.2 ਫੀਸਦੀ ਰਹੀ ਹੈ।

## ਵਿਰੋਧੀਆਂ ਨੇ ਕਿਹਾ; ਪਾਕਿਸਤਾਨ ਵਿੱਚ ਅਣ-ਐਲਾਨਿਆ ਮਾਰਸ਼ਲ ਲਾਅ ਲੱਗਾ ਪਿਐ

ਵਾਸ਼ਿੰਗਟਨ, 15 ਅਕਤੂਬਰ (ਪੋਸਟ ਬਿਊਰੋ)- ਸਾਬਕਾ ਅਤੇ ਮੌਜੂਦਾ ਪਾਰਲੀਮੈਂਟ ਮੈਂਬਰ ਸਮੇਤ ਪਾਕਿਸਤਾਨ ਸਰਕਾਰ ਨਾਲ ਵਿਰੋਧ ਰੱਖਦੇ ਕਈ ਗਰੁੱਪਾਂ ਨੇ ਇਮਰਾਨ ਖਾਨ ਦੀ ਸਰਕਾਰ ਨੂੰ ਫੌਜ ਦੇ ਹੱਥਾਂ ਦੀ ਕਠਪੁਤਲੀ ਦੱਸਿਆ ਹੈ। ਉਨ੍ਹਾਂਨੇ ਆਪਣੇ ਦੋਸ਼ਾਂ ਵਿੱਚ ਸਟੇਬਿਲਟੀ ਦੀ ਕਮੀਂ, ਅਸੁਰੱਖਿਆ ਅਤੇ ਗੁਆਂਢੀਆਂ ਨਾਲ ਚੰਗੇ ਸਬੰਧਾਂ ਬਣਾਉਣ ਵਿਚ ਅਸਮਰਥਾ ਲਈ ਪਾਕਿ-ਸਤਾਨ ਦੀ ਫੌਜ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਪਾਰਲੀਮੈਂਟ ਦੇ ਉੱਪਰਲੇ ਹਾਊਸ ਸੈਨੇਟ ਦੇ ਸਾਬਕਾ ਮੈਂਬਰ ਅਤੇ ਪਸ਼ਤੂਨ ਨੇਤਾ ਅਫਰਾਸਿਯਾਬ ਖਟਕ ਨੇ ਸਾਊਥ ਏਸ਼ੀਅਨ ਅਗੇਂਸਟ ਟੈਰੇਰਿਜ਼ਮ ਐਂਡ ਫਾਰ ਹਿਊਮਨ ਰਾਈਟਸ (ਐਸ ਏ ਏ ਟੀ ਐਚ ਆਰ) ਦੇ ਪੰਜਵੇਂ ਸੰਮੇਲਨ ਵਿੱਚ ਬੋਲਦੇ ਹੋਏ ਕਿਹਾ ਕਿ ਇਸ ਵੇਲੇ ਪਾਕਿਸਤਾਨ ਵਿੱਚ ਅਣਐਲਾਨਿਆ ਮਾਰਸ਼ਲ ਲਾਅ ਲੱਗਿਆ ਪਿਆ ਹੈ। ਐਸ ਏ ਏ ਟੀ ਐਚ ਆਰ ਅਸਲ ਵਿੱਚ ਲੋਕਤੰਤਰ ਸਮਰਥਕ ਪਾਕਿਸਤਾਨੀਆਂ ਦਾ ਇੱਕ ਗਰੁੱਪ ਹੈ। ਇਸ ਦੀ ਸਥਾਪਨਾ ਅਮਰੀਕਾ ਵਿੱਚ ਪਾਕਿਸਤਾਨ ਦੇ ਸਾਬਕਾ ਰਾਜਦੂਤ ਹੁਸੈਨ ਹੱਕਾਨੀ ਤੇ ਅਮਰੀਕਾ ਦੀ ਪ੍ਰਸਿੱਧ ਸਖਸ਼ੀਅਤ ਡਾ. ਮੁਹੰਮਦ ਤਕੀ ਨੇ ਕੀਤੀ ਸੀ। ਇਸ ਤੋਂ ਪਹਿਲਾਂ ਇਹ ਸੰਮੇਲਨ ਲੰਡਨ ਤੇ ਵਾਸ਼ਿੰਗਟਨ ਵਿੱਚ ਕਰਾਇਆ ਜਾ ਚੁੱਕਾ ਹੈ, ਪਰ ਇਸ ਵਾਰ ਕੋਰੋਨਾ ਮਹਾਮਾਰੀ ਦੇ ਕਾਰਨ ਸਾਰੇ ਬੁਲਾਰੇ ਵਰਚੂਅਲ ਤੌਰ ’ਤੇ ਸ਼ਾਮਲ ਹੋਏ। ਇਸ ਗਰੁੱਪ ਵਿੱਚ ਸਿਆਸੀ ਆਗੂ, ਪੱਤਰਕਾਰ, ਬਲਾਗਰਸ, ਸੋਸ਼ਲ ਮੀਡੀਆ ਕਾਰਕੁੰਨ ਅਤੇ ਸਿਵਲ ਸੁਸਾਇਟੀ ਦੇ ਮੈਂਬਰ ਸ਼ਾਮਲ ਹਨ। ਇਨ੍ਹਾਂ ਵਿੱਚੋਂ ਕਈ ਵੱਖ-ਵੱਖ ਦੇਸ਼ਾਂ ਵਿੱਚ ਰਹਿਣ ਨੂੰ ਮਜਬੂਰ ਹਨ। ਪਾਕਿਸਤਾਨ ਵਿੱਚੋਂ ਇਸ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਅਫਰਾਸਿਯਾਬ ਖਟਕ ਨੇ ਕਿਹਾ ਕਿ ਪਾਕਿਸਤਾਨ ਵਿੱਚ ਸਭ ਤੋਂ ਖਤਰਨਾਕ ਮਾਰਸ਼ਲ ਲਾਅ ਹੈ, ਕਿਉਂਕਿ ਇਸ ਨੇ ਸੰਵਿਧਾਨਕ ਸੰਸਥਾਵਾਂ ਨੂੰ ਕਮਜ਼ੋਰ ਕਰ ਦਿੱਤਾ ਹੈ।

# ਸਤੰਬਰ ਦੇ ਮਹੀਨੇ ਦੇਸ਼ ਵਿੱਚ ਰੋਜ਼ਗਾਰ ਦੀ ਸਥਿਤੀ ਸੰਭਲੀ, ਬੇਰੋਜ਼ਗਾਰੀ ਘਟੀ : ਸਟੈਟਸ ਕੈਨ




ਓਟਵਾ, 15 ਅਕਤੂਬਰ (ਪੋਸਟ ਬਿਊਰੋ) : ਸਟੈਟੇਸਟਿਕਸ ਕੈਨੇਡਾ ਦਾ ਕਹਿਣਾ ਹੈ ਕਿ ਸਤੰਬਰ ਦੇ ਮਹੀਨੇ ਵਿੱਚ ਦੇਸ਼ ਵਿੱਚ ਰੋਜ਼ਗਾਰ ਦੇ 378,00 ਮੌਕੇ ਪੈਦਾ ਹੋਏ। ਕੈਨੇਡੀਅਨ ਹੁਣ ਬੈਕ ਟੂ ਸਕੂਲ ਰੂਟੀਨ ਵਿੱਚ ਮੁੜ ਪੈ ਗਏ ਹਨ ਤੇ ਹੋਰ ਕੰਮ ਕਾਜ ਵੀ ਆਮ ਵਾਂਗ ਸ਼ੁਰੂ ਹੋ ਰਹੇ ਹਨ ਜਿਸ ਕਾਰਨ ਬੇਰੋਜ਼ਗਾਰੀ ਦਰ ਘੱਟ ਰਹੀ ਹੈ।

ਬੇਰੋਜ਼ਗਾਰੀ ਦਰ 9.0 ਫੀ ਸਦੀ ਡਿੱਗੀ ਹੈ। ਇਸ ਪਾਸੇ ਸਕਾਰਾਤਮਕਤਾ ਬਣੀ ਹੋਈ ਹੈ ਕਿਉਂਕਿ ਮਈ ਦੇ ਮਹੀਨੇ ਬੇਰੋਜ਼ਗਾਰੀ ਦਰ ਆਪਣੇ ਚਰਮ ਉੱਤੇ 13.7 ਫੀ ਸਦੀ ਦਰਜ ਕੀਤੀ ਗਈ ਸੀ। ਪਿਛਲੇ ਮਹੀਨੇ ਉਮੀਦ ਨਾਲੋਂ ਵੱਧ ਰੋਜ਼ਗਾਰ ਦੇ ਮੌਕੇ ਪੈਦਾ ਹੋਣ ਨਾਲ ਸਥਿਤੀ ਵਿੱਚ ਇਹ ਸੁਧਾਰ ਰਿਕਾਰਡ ਕੀਤਾ ਗਿਆ।

ਫਾਇਨਾਂਸ਼ੀਅਲ ਡਾਟਾ ਫਰਮ ਰੀਫਿਨੀਟਿਵ ਨੇ ਆਖਿਆ ਕਿ ਅਰਥਸ਼ਾਸਤਰੀਆਂ ਨੂੰ 156,600 ਰੋਜ਼ਗਾਰ ਦੇ ਮੌਕੇ ਪੈਦਾ ਹੋਣ ਦੀ ਆਸ ਸੀ ਤੇ ਬੇਰੋਜ਼ਗਾਰੀ ਦਰ 9.7 ਫੀ ਸਦੀ ਰਹਿਣ ਦਾ ਖਦਸ਼ਾ ਸੀ। ਮਾਰਚ ਤੇ ਅਪਰੈਲ ਵਿੱਚ 3 ਮਿਲੀਅਨ ਨੌਕਰੀਆਂ ਖੁੱਸੀਆਂ ਜਦਕਿ ਜੂਨ ਵਿੱਚ ਸਥਿਤੀ ਥੋੜ੍ਹੀ ਸੰਭਲਣ ਲੱਗੀ। ਬਹੁਤੀਆਂ ਨੌਕਰੀਆਂ ਫੁੱਲ ਟਾਈਮ ਹਨ ਤੇ 44,000 ਹੀ ਪਾਰਟ ਟਾਈਮ ਹਨ।

# ਵੂਈ ਚੈਰਿਟੀ ਮਾਮਲੇ ਦੀ ਜਾਂਚ ਲਈ ਭ੍ਰਿਸ਼ਟਾਚਾਰ ਵਿਰੋਧੀ ਕਮੇਟੀ ਕਾਇਮ ਕਰਨੀ ਚਾਹੁੰਦੇ ਹਨ ਕੰਜ਼ਰਵੇਟਿਵਜ਼




ਓਟਵਾ, 15 ਅਕਤੂਬਰ (ਪੋਸਟ ਬਿਊਰੋ) : ਫੈਡਰਲ ਕੰਜ਼ਰਵੇਟਿਵਜ਼ ਚਾਹੁੰਦੇ ਹਨ ਕਿ ਐਮਪੀ ਅਜਿਹੀ ਭ੍ਰਿਸ਼ਟਾਚਾਰ ਵਿਰੋਧੀ ਕਮੇਟੀ ਕਾਇਮ ਕਰਨ ਜਿਹੜੀ ਵੂਈ ਚੈਰਿਟੀ ਦੇ ਮਾਮਲੇ ਦੀ ਜਾਂਚ ਕਰੇ।

ਟੋਰੀ ਐਥਿਕਸ ਕ੍ਰਿਟਿਕ ਮਾਈਕਲ ਬੈਰੇਟ ਦਾ ਕਹਿਣਾ ਹੈ ਕਿ ਇਹ ਨਵੀਂ ਕਮੇਟੀ ਵਿਵਾਦਾਂ ਨਾਲ ਜੁੜੇ ਸਵਾਲਾਂ ਦੇ ਜਵਾਬ ਲੱਭੇਗੀ। ਇਸ ਦੌਰਾਨ ਕੰਜ਼ਰਵੇਟਿਵਾਂ ਵੱਲੋਂ ਹਾਊਸ ਆਫ ਕਾਮਨਜ਼ ਦੀ ਐਥਿਕਸ ਤੇ ਫਾਇਨਾਂਸ ਕਮੇਟੀ ਉੱਤੇ ਇਸ ਮਾਮਲੇ ਦੀ ਡੂੰਘਾਈ ਤੱਕ ਜਾਣ ਲਈ ਦਬਾਅ ਪਾਇਆ ਜਾਵੇਗਾ। ਉਨ੍ਹਾਂ ਆਖਿਆ ਕਿ ਪ੍ਰਸਤਾਵਿਤ ਨਵੀਂ ਭ੍ਰਿਸ਼ਟਾਚਾਰ ਵਿਰੋਧੀ ਕਮੇਟੀ ਜਲਦ ਹੀ ਲਿਬਰਲ ਸਰਕਾਰ ਵੱਲੋਂ ਬਹੁ-ਕਰੋੜੀ ਕੈਨੇਡਾ ਸਟੂਡੈਂਟ ਸਰਵਿਸ ਗ੍ਰਾਂਟ ਪ੍ਰੋਗਰਾਮ ਵੂਈ ਚੈਰਿਟੀ ਨੂੰ ਦੇਣ ਦੇ ਮਾਮਲੇ ਦੀ ਜਾਂਚ ਆਪਣੇ ਹੱਥ ਵਿੱਚ ਲੈ ਸਕਦੀ ਹੈ।

ਜ਼ਿਕਰਯੋਗ ਹੈ ਕਿ ਵੂਈ ਚੈਰਿਟੀ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਸਾਬਕਾ ਵਿੱਤ ਮੰਤਰੀ ਬਿੱਲ ਮੌਰਨਿਊ ਦੇ ਪਰਿਵਾਰਾਂ ਨਾਲ ਨਜ਼ਦੀਕੀ ਸਬੰਧ ਹੋਣ ਕਾਰਨ ਵਿਰੋਧੀ ਧਿਰਾਂ ਦੇ ਐਮਪੀਜ਼ ਵੱਲੋਂ ਕਈ ਮਹੀਨਿਆਂ ਤੋਂ ਹੀ ਸਰਕਾਰ ਤੋਂ ਕਈ ਤਰ੍ਹਾਂ ਦੇ ਸਵਾਲਾਂ ਦੇ ਜਵਾਬ ਮੰਗੇ ਜਾ ਰਹੇ ਹਨ। ਲਿਬਰਲ ਕਈ ਵਾਰੀ ਇਹ ਆਖ ਚੁੱਕੇ ਹਨ ਕਿ ਫੈਡਰਲ ਪਬਲਿਕ ਸਰਵੈਂਟਸ ਵੱਲੋਂ ਇਹ ਗ੍ਰਾਂਟ ਪ੍ਰੋਗਰਾਮ ਯੂਥ ਗਰੁੱਪ ਨੂੰ ਚਲਾਉਣ ਦੀ ਸਿਫਾਰਿਸ਼ ਕੀਤੀ ਗਈ ਸੀ ਪਰ ਕੰਜ਼ਰਵੇਟਿਵਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਕਈ ਸਵਾਲਾਂ ਦੇ ਜਵਾਬ ਅਜੇ ਤੱਕ ਨਹੀਂ ਮਿਲੇ ਹਨ।

# ਕੈਨੇਡੀਅਨਾਂ ਨੂੰ ਮਨਮਾਨੇ ਢੰਗ ਨਾਲ ਨਜ਼ਰਬੰਦ ਕਰਕੇ ਰੱਖਣ ਦੇ ਦੋਸ਼ ਤੋਂ ਚੀਨ ਦਾ ਇਨਕਾਰ



ਬੀਜਿੰਗ, 15 ਅਕਤੂਬਰ (ਪੋਸਟ ਬਿਊਰੋ) : ਚੀਨ ਦੀ ਟੈਕਨੌਲੋਜੀ ਜਾਇੰਟ ਹੁਆਵੇ ਦੀ ਐਗਜ਼ੈਕਟਿਵ ਨੂੰ ਕੈਨੇਡਾ ਵੱਲੋਂ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਦੋ ਕੈਨੇਡੀਅਨ ਨਾਗਰਿਕਾਂ ਨੂੰ ਮਨਮਾਨੇ ਢੰਗ ਨਾਲ ਨਜ਼ਰਬੰਦ ਕਰਕੇ ਰੱਖੇ ਜਾਣ ਦੇ ਦੋਸ਼ਾਂ ਤੋਂ ਚੀਨ ਨੇ ਇਨਕਾਰ ਕੀਤਾ।

ਮਾਈਕਲ ਕੋਵਰਿਗ ਤੇ ਮਾਈਕਲ ਸਪੇਵਰ ਨੂੰ ਜਨਵਰੀ ਤੋਂ ਚੀਨ ਵਿੱਚ ਨਜ਼ਰਬੰਦ ਕਰਕੇ ਰੱਖਿਆ ਗਿਆ ਹੈ ਤੇ ਪਹਿਲੀ ਵਾਰੀ ਉਨ੍ਹਾਂ ਨਾਲ ਕਾਊਂਸਲਰ ਨੂੰ ਸੰਪਰਕ ਕਰਨ ਦੀ ਖੁੱਲ੍ਹ ਦਿੱਤੇ ਜਾਣ ਤੋਂ ਕਈ ਦਿਨਾਂ ਬਾਅਦ ਵਿਦੇਸ਼ ਮੰਤਰਾਲੇ ਦੇ ਬੁਲਾਰੇ ਜ਼ਾਓ ਲਿਜੀਆਨ ਨੇ ਇਸ ਦੋਸ਼ ਤੋਂ ਇਨਕਾਰ ਕੀਤਾ। ਸ਼ਨਿੱਚਰਵਾਰ ਨੂੰ ਕੈਨੇਡਾ ਸਰਕਾਰ ਵੱਲੋਂ ਇੱਕ ਬਿਆਨ ਜਾਰੀ ਕੀਤਾ ਗਿਆ ਸੀ ਜਿਸ ਵਿੱਚ ਇਹ ਆਖਿਆ ਗਿਆ ਸੀ ਕਿ ਦੋ ਕੈਨੇਡੀਅਨਾਂ ਨੂੰ ਇਸ ਤਰ੍ਹਾਂ ਮਨਮਾਨੇ ਢੰਗ ਨਾਲ ਨਜ਼ਰਬੰਦ ਕੀਤੇ ਜਾਣ ਕਾਰਨ ਉਹ ਕਾਫੀ ਪਰੇਸਾਨ ਹਨ। ਇਸ ਦੇ ਨਾਲ ਹੀ ਦੋਵਾਂ ਕੈਨੇਡੀਅਨਾਂ ਨੂੰ ਫੌਰੀ ਰਿਹਾਅ ਕਰਨ ਦੀ ਵੀ ਮੰਗ ਕੀਤੀ ਗਈ ਸੀ।

ਜ਼ਾਓ ਨੇ ਆਖਿਆ ਇਸ ਤੁਹਮਤ ਦਾ ਚੀਨ ਵੱਲੋਂ ਸਖਤ ਵਿਰੋਧ ਕੀਤਾ ਜਾਂਦਾ ਹੈ, ਉਨ੍ਹਾਂ ਆਖਿਆ ਕਿ ਇਹ ਦੋਵੇਂ ਕੈਨੇਡੀਅਨ ਚੀਨ ਦੀ ਨੈਸਨਲ ਸਕਿਊਰਿਟੀ ਲਈ ਖਤਰਾ ਖੜ੍ਹਾ ਕਰਨ ਵਾਲੀਆਂ ਗਤੀਵਿਧੀਆਂ ਵਿੱਚ ਸਾਮਲ ਸਨ। ਉਨ੍ਹਾਂ ਪੱਤਰਕਾਰਾਂ ਨੂੰ ਦੱਸਿਆ ਕਿ ਚੀਨ ਦੀ ਨਿਆਂਇਕ ਮਸੀਨਰੀ ਇਸ ਮਸਲੇ ਦਾ ਆਜਾਦਾਨਾ ਢੰਗ ਨਾਲ ਹੱਲ ਕੱਢੇਗੀ।

# ਸਪਿਨ ਸਟੂਡੀਓ ਵਿੱਚ ਆਊਟਬ੍ਰੇਕ, 100 ਵਿਅਕਤੀ ਆਏ ਹੋ ਸਕਦੇ ਹਨ ਕੋਵਿਡ-19 ਦੀ ਚਪੇਟ ਵਿੱਚ




ਟੋਰਾਂਟੋ, 15 ਅਕਤੂਬਰ (ਪੋਸਟ ਬਿਊਰੋ) : ਇਸ ਮਹੀਨੇ ਦੇ ਸ਼ੁਰੂ ਵਿੱਚ ਹੈਮਿਲਟਨ ਸਪਿਨ ਸਟੂਡੀਓ ਵਿੱਚ ਇੱਕ ਕਲਾਸ ਵਿੱਚ ਹਿੱਸਾ ਲੈਣ ਤੋਂ ਬਾਅਦ 100 ਦੇ ਨੇੜੇ ਤੇੜੇ ਵਿਅਕਤੀ ਕੋਵਿਡ-19 ਨੂੰ ਐਕਸਪੋਜ਼ ਹੋਏ ਹੋ ਸਕਦੇ ਹਨ। ਐਤਵਾਰ ਨੂੰ ਅਧਿਕਾਰੀਆਂ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ 5 ਅਕਤੂਬਰ ਤੋਂ ਬਾਅਦ ਜੇਮਜ਼ ਤੇ ਵਿਲਸਨ ਸਟਰੀਟਸ ਉੱਤੇ ਸਥਿਤ ਸਪਿਨਕੋ ਵਿੱਚ ਕੋਵਿਡ-19 ਆਊਟਬ੍ਰੇਕ ਹੋਣ ਤੋਂ ਬਾਅਦ 47 ਲੋਕ ਕੋਵਿਡ-19 ਵਾਇਰਸ ਦੀ ਚਪੇਟ ਵਿੱਚ ਆ ਗਏ ਸਨ। ਅੱਜ ਤੱਕ ਇਸ ਸਟੂਡੀਓ ਦੇ 36 ਮੈਂਬਰ ਤੇ ਦੋ ਸਟਾਫ ਮੈਂਬਰ ਪਾਜ਼ੀਟਿਵ ਆ ਚੁੱਕੇ ਹਨ। ਨੌਂ ਹੋਰ ਵਿਅਕਤੀ ਵੀ ਅਸਿੱਧੇ ਤੌਰ ਉੱਤੇ ਕੋਵਿਡ-19 ਦੀ ਚਪੇਟ ਵਿੱਚ ਆਏ।

ਸਿਟੀ ਆਫ ਹੈਮਿਲਟਨ ਦੀ ਤਰਜ਼ਮਾਨ ਜੈਕਲੀਨ ਡਰਲੌਵ ਨੇ ਆਖਿਆ ਕਿ ਘੱਟੋ ਘੱਟ 100 ਮੈਂਬਰ ਕੋਵਿਡ-19 ਸਬੰਧੀ ਪਾਜ਼ੀਟਿਵ ਪਾਏ ਜਾ ਚੁੱਕੇ ਹਨ। ਉਨ੍ਹਾਂ ਨੂੰ ਸੈਲਫ ਆਈਸੋਲੇਟ ਕਰਨ, ਆਪਣੇ ਲੱਛਣਾਂ ਦੀ ਨਿਗਰਾਨੀ ਕਰਨ ਤੇ ਲੋੜ ਪੈਣ ਉੱਤੇ ਟੈਸਟ ਕਰਵਾਉਣ ਲਈ ਆਖਿਆ ਗਿਆ। ਉਨ੍ਹਾਂ ਆਖਿਆ ਕਿ ਸਪਿਨਕੋ ਵਿੱਚ ਇਸ ਆਊਟਬ੍ਰੇਕ ਦੇ ਕਾਰਨਾਂ ਦਾ ਪਤਾ ਲਾਉਣ ਦੀ ਅਸੀ ਕੋਸ਼ਿਸ਼ ਕਰ ਰਹੇ ਹਾਂ।

# ਐਟਲਾਂਟਿਕ ਕੈਨੇਡਾ ਲਈ ਉਡਾਨਾਂ ਮੁਲਤਵੀ ਕਰੇਗੀ ਵੈਸਟਜੈੱਟ

## ਮੁਲਾਜ਼ਮਾਂ ਦੀ ਵੀ ਕਰੇਗੀ ਛਾਂਗੀ



ਕੈਲਗਰੀ, 14 ਅਕਤੂਬਰ (ਪੋਸਟ ਬਿਊਰੋ) : ਏਅਰਲਾਈਨ ਇੰਡਸਟਰੀ ਉੱਤੇ ਮਹਾਂਮਾਰੀ ਦੀ ਗਾਜ਼ ਡਿੱਗਣ ਤੋਂ ਬਾਅਦ ਵੈਸਟਜੈੱਟ ਏਅਰਲਾਈਨਜ਼ ਲਿਮਟਿਡ ਵੱਲੋਂ ਐਟਲਾਂਟਿਕ ਕੈਨੇਡਾ ਦੇ ਚਾਰ ਸ਼ਹਿਰਾਂ ਲਈ ਆਪਣੇ ਆਪਰੇਸ਼ਨਜ਼ ਮੁਲਤਵੀ ਕੀਤੇ ਜਾ ਰਹੇ ਹਨ।

ਵੈਸਟਜੈੱਟ ਨੇ ਆਖਿਆ ਕਿ ਉਨ੍ਹਾਂ ਵੱਲੋਂ ਫਰੈਡਰਿਕਟਨ, ਮੌਂਕਟਨ, ਐਨਬੀ, ਸਿਡਨੀ, ਨੋਵਾ ਸਕੋਸ਼ੀਆ ਤੇ ਸ਼ੌਰਲੇਟਾਊਨ ਲਈ ਅਣਮਿੱਥੇ ਸਮੇਂ ਵਾਸਤੇ ਆਪਣੀਆਂ ਸੇਵਾਵਾਂ ਬੰਦ ਕੀਤੀਆਂ ਜਾ ਰਹੀਆਂ ਹਨ। ਦੂਜੇ ਪਾਸੇ ਹੈਲੀਫੈਕਸ ਤੇ ਸੇਂਟ ਜੌਹਨਸ, ਨਿਊਫਾਊਂਡਲੈਂਡ ਐਂਡ ਲੈਬਰਾਡੌਰ ਲਈ ਵੀ ਸੇਵਾਵਾਂ ਵਿੱਚ ਕਟੌਤੀ ਕੀਤੀ ਜਾ ਰਹੀ ਹੈ।

ਇਸ ਤੋਂ ਇਲਾਵਾ ਕੈਲਗਰੀ ਸਥਿਤ ਏਅਰਲਾਈਨ ਟੋਰਾਂਟੋ ਤੇ ਕਿਊਬਿਕ ਸਿਟੀ ਦਰਮਿਆਨ ਆਪਰੇਸ਼ਨ ਵੀ ਮੁਲਤਵੀ ਕਰਨ ਜਾ ਰਹੀ ਹੈ। 2 ਨਵੰਬਰ ਤੋਂ ਸ਼ੁਰੂ ਹੋਣ ਜਾ ਰਹੀਆਂ ਇਨ੍ਹਾਂ ਕਟੌਤੀਆਂ ਨਾਲ 100 ਤੋਂ ਵੱਧ ਉਡਾਨਾਂ ਖਤਮ ਹੋ ਜਾਣਗੀਆਂ। ਇਸ ਦੌਰਾਨ ਕੰਪਨੀ ਦੇ ਸੀਈਓ ਐਂਡ ਸਮਿੱਥ ਨੇ ਆਖਿਆ ਕਿ ਟਰੈਵਲ ਸਬੰਧੀ ਮੰਗ ਘੱਟ ਜਾਣ ਦੇ ਨਾਲ ਨਾਲ ਘਰੇਲੂ ਤੌਰ ਉੱਤੇ ਕੁਆਰਨਟੀਨ ਹੋਣ ਤੋਂ ਭਾਵ ਹੈ ਕਿ ਅਸੀਂ ਆਪਣੇ ਸੇਵਾਵਾਂ ਦੇ ਕੈਨੇਡੀਅਨ ਨੈਟਵਰਕ ਨੂੰ ਮੇਨਟੇਨ ਨਹੀਂ ਕਰ ਪਾਵਾਂਗੇ।

ਇਸ ਏਅਰਲਾਈਨ ਨੂੰ ਓਨੈਕਸ ਕਾਰਪੋਰੇਸ਼ਨ ਨੇ ਦਸੰਬਰ ਵਿੱਚ ਹੀ 3.5 ਬਿਲੀਅਨ ਡਾਲਰ ਦਾ ਖਰੀਦਿਆ ਸੀ। ਏਅਰਲਾਈਨ ਨੇ ਆਖਿਆ ਕਿ ਉਨ੍ਹਾਂ ਨੂੰ 100 ਕਾਰਪੋਰੇਟ ਤੇ ਆਪਰੇਸ਼ਨਲ ਮੁਲਾਜ਼ਮਾਂ ਦੀ ਛਾਂਗੀ ਕਰਨੀ ਹੋਵੇਗੀ। ਮਾਰਚ ਤੋਂ ਲੈ ਕੇ ਹੁਣ ਤੱਕ ਇਹ ਕੰਪਨੀ 4000 ਕਾਮਿਆਂ ਦੀ ਛਾਂਗੀ ਕਰ ਚੁੱਕੀ ਹੈ।

# ਸਾਬਕਾ ਸੈਨੇਟਰ ਡੌਨ ਮੈਰੇਡਿੱਥ ਦੇ ਸਟਾਫ ਨੂੰ ਮਿਲੇਗਾ 498,000 ਡਾਲਰ ਦਾ ਮੁਆਵਜ਼ਾ



ਓਟਵਾ, 15 ਅਕਤੂਬਰ (ਪੋਸਟ ਬਿਊਰੋ) : ਹੁਣ ਅਸਤੀਫਾ ਦੇ ਚੁੱਕੇ ਸੈਨੇਟਰ ਡੌਨ ਮੈਰੇਡਿਥ ਦੇ ਨੌ ਮੁਲਾਜ਼ਮਾਂ ਨੂੰ ਸੈਨੇਟ ਆਫ ਕੈਨੇਡਾ ਵੱਲੋਂ ਮੁਆਵਜ਼ੇ ਵਜੋਂ ਅੱਧਾ ਮਿਲੀਅਨ ਡਾਲਰ ਦਿੱਤੇ ਜਾਣਗੇ। ਇਨ੍ਹਾਂ ਮੁਲਾਜ਼ਮਾਂ ਵੱਲੋਂ ਦੋਸ਼ ਲਾਇਆ ਗਿਆ ਸੀ ਕਿ ਨੌਕਰੀ ਦੌਰਾਨ ਜਿਨਸੀ ਸ਼ੋਸ਼ਣ ਸਮੇਤ ਉਨ੍ਹਾਂ ਨੂੰ ਤੰਗ ਪਰੇਸ਼ਾਨ ਕੀਤਾ ਗਿਆ।

ਇਨ੍ਹਾਂ ਮੁਲਾਜ਼ਮਾਂ ਨੂੰ 498,000 ਡਾਲਰ ਦੇ ਮੁਆਵਜ਼ੇ ਦੇ ਨਾਲ ਲੀਗਲ ਫੀਸ ਅਦਾ ਕਰਨ ਦਾ ਇਹ ਫੈਸਲਾ ਅੱਜ ਆਇਆ। ਇੱਕ ਸਾਲ ਪਹਿਲਾਂ ਸੈਨੇਟ ਵੱਲੋਂ ਕਰਵਾਈ ਗਈ ਜਾਂਚ ਵਿੱਚ ਪਾਇਆ ਗਿਆ ਕਿ ਤਤਕਲੀ ਸੈਨੇਟਰ ਡੌਨ ਮੈਰੇਡਿਥ ਦਾ ਆਪਣੇ ਮੁਲਾਜ਼ਮਾਂ ਨਾਲ ਵਿਵਹਾਰ ਸਹੀ ਨਹੀ ਸੀ। ਸੈਨੇਟ ਦੇ ਐਥਿਕਸ ਜਾਂਚਕਾਰ ਨੇ ਦੱਸਿਆ ਕਿ ਮੈਰੇਡਿਥ ਦਾ ਵਿਵਹਾਰ ਆਪਣੇ ਮੁਲਾਜ਼ਮਾਂ ਨਾਲ ਚੰਗਾ ਨਹੀ ਸੀ ਉਹ ਉਨ੍ਹਾਂ ਨੂੰ ਨੀਚਾ ਦਿਖਾਉਂਦੇ ਸਨ, ਉਨ੍ਹਾਂ ਦੀ ਬੇਇੱਜਤੀ ਕਰਦੇ ਸਨ ਤੇ ਇੱਥੇ ਹੀ ਬੱਸ ਨਹੀ ਉਹ ਉਨ੍ਹਾਂ ਨੂੰ ਚੁੰਮਦੇ, ਗਲਤ ਢੰਗ ਨਾਲ ਛੂੰਹਦੇ ਤੇ ਉਨ੍ਹਾਂ ਦੇ ਨੇੜੇ ਜਾਣ ਦੀ ਕੋਸ਼ਿਸ਼ ਵੀ ਕਰਦੇ ਸਨ। ਐਥਿਕਸ ਜਾਂਚਕਾਰ ਲੂਈ ਓਟਿਸ ਨੇ ਆਖਿਆ ਕਿ ਇਸ ਸੱਭ ਕਾਸੇ ਨਾਲ ਕੰਮ ਵਾਲਾ ਮਾਹੌਲ ਗੰਧਲਾ ਹੋ ਗਿਆ।

ਸੈਨੇਟ ਨੇ ਆਖਿਆ ਕਿ ਬੁੱਧਵਾਰ ਨੂੰ ਮੁਆਵਜ਼ੇ ਦੀ ਜਿਹੜੀ ਰਕਮ ਐਲਾਨੀ ਗਈ ਹੈ ਉਹ ਲੂਈ ਓਟਿਸ ਦੀਆਂ ਸਿਫਾਰਿਸ਼ਾਂ ਉੱਤੇ ਹੀ ਅਧਾਰਤ ਹੈ।

## ਲੜਕੀ ਦੀ ਲੋੜ

ਰਵਿਦਾਸ ਲੜਕਾ, ਉੱਮਰ 27 ਸਾਲ, ਕੱਦ 6'2'', ਕੈਨੇਡੀਅਨ ਪੀ ਆਰ, ਜੋਬ ਟਰੱਕ ਚਲਾਉਂਦਾ ਹੈ ਅਤੇ ਵੇਲ ਸਟੈਲਡ ਹੈ, ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ/ ਵਰਕ ਪਰਮਟ ਹੋਲਡਰ ਲੜਕੀਆਂ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-419-6097 ਜਾਂ 437-993-7620

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)




## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canda as the opportune prevail. Please contact (519) 351-8043 or B200348@gmail.com"

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654










# ਟੋਰਾਂਟੋ ਦੀ ਮਸਜਿਦ ਨੂੰ ਮਿਲੀਆਂ ਹਿੰਸਕ ਧਮਕੀਆਂ ਦੀ ਜਾਂਚ ਕਰ ਰਹੀ ਹੈ ਪੁਲਿਸ

ਟੋਰਾਂਟੋ, 15 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਵੀਕੈਂਡ ਉੱਤੇ ਲੋਕਲ ਮਸਜਿਦ ਨੂੰ ਮਿਲੀਆਂ ਧਮਕੀਆਂ ਦੇ ਮਾਮਲੇ ਦੀ ਉਨ੍ਹਾਂ ਵੱਲੋਂ ਜਾਂਚ ਕੀਤੀ ਜਾ ਰਹੀ ਹੈ।



ਕਾਂਸਟੇਬਲ ਐਡਵਰਡ ਪਾਰਕਸ ਨੇ ਆਖਿਆ ਕਿ ਸ਼ਨਿੱਚਰਵਾਰ ਨੂੰ ਮਸਜਿਦ ਦੇ ਸੰਚਾਲਕਾਂ ਵੱਲੋਂ ਵਾਪਰੇ ਇੱਕ ਸ਼ੱਕੀ ਵਾਕਿਆ ਤੋਂ ਬਾਅਦ ਪੁਲਿਸ ਅਧਿਕਾਰੀਆਂ ਨੂੰ ਸੰਪਰਕ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਅਜੇ ਤੱਕ ਇਸ ਸਬੰਧ ਵਿੱਚ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ ਨਾ ਹੀ ਕਿਸੇ ਮਸ਼ਕੂਕ ਸਬੰਧੀ ਜਾਣਕਾਰੀ ਹੀ ਹਾਸਲ ਹੋਈ ਹੈ।

ਪੁਲਿਸ ਵੱਲੋਂ ਇਸ ਮਾਮਲੇ ਦੀ ਪੁਸ਼ਟੀ ਉਦੋਂ ਕੀਤੀ ਗਈ ਜਦੋਂ ਨੈਸ਼ਨਲ ਮੁਸਲਿਮ ਆਰਗੇਨਾਈਜ਼ੇਸ਼ਨ ਵੱਲੋਂ ਮਸਜਿਦ ਨੂੰ ਮਿਲੇ ਧਮਕੀ ਭਰੇ ਸੁਨੇਹੇ ਨੂੰ ਸਾਂਝਾ ਕੀਤਾ ਗਿਆ। ਨੈਸ਼ਨਲ ਕਾਊਂਸਲ ਆਫ ਕੈਨੇਡੀਅਨ ਮੁਸਲਿਮਜ਼ ਵੱਲੋਂ ਭਵਿੱਖ ਵਿੱਚ ਵੀ ਮਸਜਿਦ ਨੂੰ ਨਿਸ਼ਾਨਾ ਬਣਾਏ ਜਾਣ ਦੇ ਡਰੋਂ ਮਸਜਿਦ ਦਾ ਨਾਂ ਨਹੀਂ ਦੱਸਿਆ ਗਿਆ।

ਧਮਕੀ ਭਰੇ ਸੁਨੇਹੇ ਵਿੱਚ ਆਖਿਆ ਗਿਆ ਸੀ ਕਿ ਇਸ ਮਸਜਿਦ ਵਿੱਚ ਵੀ ਕ੍ਰਾਈਸਟ ਚਰਚ ਵਾਲਾ ਕਾਰਾ ਕਰਨਾ ਹੀ ਚਾਹੀਦਾ ਹੈ। ਇੱਥੇ ਦੱਸਣਾ ਬਣਦਾ ਹੈ ਕਿ ਮਾਰਚ 2019 ਵਿੱਚ ਇੱਕ ਗੰਨਮੈਨ ਨੇ ਕ੍ਰਾਈਸਟਚਰਚ, ਨਿਊਜ਼ੀਲੈਂਡ ਵਿੱਚ ਦੋ ਮਸਜਿਦਾਂ ਵਿੱਚ ਅੰਨ੍ਹੇਵਾਹ ਗੋਲੀਆਂ ਚਲਾ ਕੇ 51 ਲੋਕਾਂ ਦੀ ਜਾਨ ਲੈ ਲਈ ਸੀ।

ਇਹ ਕਥਿਤ ਧਮਕੀ ਉਸ ਸਮੇਂ ਮਿਲੀ ਜਦੋਂ ਹੋਰਨਾਂ ਮਨੁੱਖੀ ਅਧਿਕਾਰ ਗਰੁੱਪਜ਼ ਸਮੇਤ ਇਸ ਕਾਊਂਸਲ ਵੱਲੋਂ ਫੈਡਰਲ ਸਰਕਾਰ ਤੋਂ ਵਾਈਟ ਸੁਪਰੀਮੇਸਿਸਟ ਗਰੁੱਪਜ਼ ਨੂੰ ਖਤਮ ਕਰਨ ਦੀ ਮੰਗ ਕੀਤੀ ਗਈ ਸੀ। ਕਾਊਂਸਲ ਨੇ ਇੱਕ ਬਿਆਨ ਜਾਰੀ ਕਰਕੇ ਇਹ ਵੀ ਆਖਿਆ ਕਿ ਟੋਰਾਂਟੋ ਦੀ ਮੁਸਲਿਮ ਕਮਿਊਨਿਟੀ ਪਿਛਲੇ ਮਹੀਨੇ ਟੋਰਾਂਟੋ ਦੀ ਮਸਜਿਦ ਦੇ ਬਾਹਰ ਚਾਕੂ ਮਾਰ ਕੇ ਮਾਰੇ ਗਏ 58 ਸਾਲਾ ਵਾਲੰਟੀਅਰ ਕੇਅਰਟੇਕਰ ਮੁਹੰਮਦ ਅਸਲਿਮ ਜ਼ਾਫੀ ਦੀ ਮੌਤ ਤੋਂ ਹੀ ਨਹੀਂ ਉਭਰ ਪਾਈ ਹੈ।

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

# ਕੋਵਿਡ-19 ਕਾਰਨ ਕੈਨੇਡੀਅਨ ਯੂਨੀਵਰਸਿਟੀਜ਼ ਨੂੰ ਪੈ ਸਕਦਾ ਹੈ 3.4 ਬਿਲੀਅਨ ਡਾਲਰ ਦਾ ਘਾਟਾ : ਸਟੈਟੇਸਟਿਕਸ ਕੈਨੇਡਾ

ਓਟਵਾ, 15 ਅਕਤੂਬਰ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਕਾਰਨ ਕੈਨੇਡੀਅਨ ਯੂਨੀਵਰਸਿਟੀਜ਼ ਇਸ ਸਾਲ 3.4 ਬਿਲੀਅਨ ਡਾਲਰ ਗੁਆ ਸਕਦੀਆਂ ਹਨ। ਇਹ ਖੁਲਾਸਾ ਸਟੈਟੇਸਟਿਕਸ ਕੈਨੇਡਾ ਦੀ ਰਿਪੋਰਟ ਤੋਂ ਹੋਇਆ। ਫੌਰਨ ਸਟੂਡੈਂਟਸ ਦੀ ਗਿਣਤੀ ਵਿੱਚ ਆਈ ਕਮੀ ਕਾਰਨ ਕੈਨੇਡੀਅਨ ਯੂਨੀਵਰਸਿਟੀਜ਼ ਨੂੰ ਇਹ ਨੁਕਸਾਨ ਜਰਨਾ ਹੋਵੇਗਾ।

ਇਸ ਹਫਤੇ ਪ੍ਰਕਾਸ਼ਿਤ ਹੋਈ ਰਿਪੋਰਟ ਵਿੱਚ ਸਟੈਟੇਸਟਿਕਸ ਕੈਨੇਡਾ ਨੇ 2020-2021 ਸਕੂਲ ਯੀਅਰ ਲਈ ਅੰਦਾਜ਼ਨ ਯੂਨੀਵਰਸਿਟੀ ਬਜਟ ਵਿੱਚ ਪਏ ਘਾਟੇ ਦਾ ਖੁਲਾਸਾ ਕਰਨ ਦੀ ਕੋਸ਼ਿਸ਼ ਕੀਤੀ। ਏਜੰਸੀ ਨੇ ਆਖਿਆ ਕਿ ਯੂਨੀਵਰਸਿਟੀ ਨੂੰ ਬਹੁਤੀ ਕਮਾਈ ਟਿਊਸ਼ਨ ਫੀਸ ਤੋਂ ਹੀ ਹੁੰਦੀ ਹੈ। 2013-2014 ਵਿੱਚ ਸਕੂਲ ਫੰਡਿੰਗ ਦਾ ਬਹੁਤਾ ਹਿੱਸਾ, ਜੋ ਕਿ 24.7 ਫੀ ਸਦੀ ਬਣਦਾ ਸੀ, ਟਿਊਸ਼ਨ ਫੀਸ ਤੋਂ ਹੀ ਆਇਆ ਸੀ ਅਤੇ 2018-19 ਵਿੱਚ ਟਿਊਸ਼ਨ ਫੀਸ ਤੋਂ 29.4 ਫੀ ਸਦੀ ਕਮਾਈ ਹੋਈ ਸੀ।

ਯੂਨੀਵਰਸਿਟੀ ਦੀ ਆਮਦਨ ਸਰਕਾਰੀ ਫੰਡਾਂ ਤੋਂ ਵੀ ਹੁੰਦੀ ਹੈ, ਜੋ ਕਿ 45.8 ਫੀ ਸਦੀ ਤੱਕ ਹੈ। ਸਟੈਟੇਸਟਿਕਸ ਕੈਨੇਡਾ ਨੇ ਆਖਿਆ ਕਿ ਟਿਊਸ਼ਨ ਫੀਸ ਵਿੱਚ ਵਾਧਾ ਵਿਦੇਸ਼ੀ ਵਿਦਿਆਰਥੀਆਂ ਦੀ ਵੱਧ ਰਹੀ ਗਿਣਤੀ ਕਾਰਨ ਹੋਇਆ।



ਵਿਦੇਸ਼ੀ ਵਿਦਿਆਰਥੀ ਕੈਨੇਡੀਅਨ ਨਾਗਰਿਕਾਂ ਨਾਲੋਂ ਪੰਜ ਗੁਣਾਂ ਵਧੇਰੇ ਫੀਸ ਅਦਾ ਕਰਦੇ ਹਨ। 2017-18 ਵਿੱਚ ਇੱਕਲੇ ਫੌਰਨ ਵਿਦਿਆਰਥੀਆਂ ਨੇ ਟਿਊਸ਼ਨ ਫੀਸ ਦਾ 40 ਫੀ ਸਦੀ ਅਦਾ ਕੀਤਾ।

ਇਸ ਲਈ ਸਟੈਟੇਸਟਿਕਸ ਕੈਨੇਡਾ ਅਨੁਸਾਰ ਯੂਨੀਵਰਸਿਟੀਜ਼ ਨੂੰ ਇਸ ਵਾਰੀ 377 ਮਿਲੀਅਨ ਡਾਲਰ ਤੋਂ ਲੈ ਕੇ 3.4 ਬਿਲੀਅਨ ਡਾਲਰ ਦਾ ਨੁਕਸਾਨ ਹੋ ਸਕਦਾ ਹੈ। ਜਿਸ ਤੋਂ ਭਾਵ ਹੈ ਕਿ ਇਸ ਅਕਾਦਮਿਕ ਸਾਲ ਵਿੱਚ 0.8 ਫੀ ਸਦੀ ਤੋਂ 7.5 ਫੀ ਸਦੀ ਦਾ ਘਾਟਾ।

# ਫਲੂ ਸੀਜਨ ਤੋਂ ਪਹਿਲਾਂ ਇਨ ਕਲਾਸ ਲਰਨਿੰਗ ਦੀ ਥਾਂ ਆਨਲਾਈਨ ਲਰਨਿੰਗ ਵੱਲ ਮੁੜ ਰਹੇ ਹਨ ਵਿਦਿਆਰਥੀ

ਟੋਰਾਂਟੋ, 15 ਅਕਤੂਬਰ (ਪੋਸਟ ਬਿਊਰੋ) : ਫਲੂ ਸੀਜਨ ਨੇੜੇ ਆਉਣ ਕਾਰਨ ਟੋਰਾਂਟੋ ਦੇ ਹਜਾਰਾਂ ਵਿਦਿਆਰਥੀ ਵਰਚੂਅਲ ਲਰਨਿੰਗ ਵੱਲ ਮੁੜ ਰਹੇ ਹਨ।

ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਨੇ ਆਖਿਆ ਕਿ 7500 ਐਲੀਮੈਂਟਰੀ ਸਟੂਡੈਂਟਸ ਵੱਲੋਂ ਨਿਜੀ ਤੌਰ ਉੱਤੇ ਸਕੂਲਾਂ ਵਿੱਚ ਜਾ ਕੇ ਪੜ੍ਹਾਈ ਕਰਨ ਦੀ ਥਾਂ ਆਨਲਾਈਨ ਲਰਨਿੰਗ ਦਾ ਰੁਖ ਕੀਤਾ ਗਿਆ ਹੈ। ਇਸ ਦੌਰਾਨ 3000 ਵਿਦਿਆਰਥੀ ਇਨ ਕਲਾਸ ਲਰਨਿੰਗ ਹੀ ਕਰਨੀ ਚਾਹੁੰਦੇ ਹਨ। ਆਨਲਾਈਨ ਜਾਂ ਇਨ ਕਲਾਸ ਲਰਨਿੰਗ ਲਈ ਪਿਛਲੇ ਮਹੀਨੇ ਪਰਿਵਾਰਾਂ ਨੂੰ ਤਿੰਨ ਡੈਡਲਾਈਨਜ ਦਿੱਤੀਆਂ ਗਈਆਂ ਸਨ। ਅਗਲੀ ਮੌਕਾ 6 ਨਵੰਬਰ ਹੋਵੇਗਾ। ਸੈਕੰਡਰੀ ਵਿਦਿਆਰਥੀਆਂ ਕੋਲ ਅਜੇ ਵੀ ਕਲਾਸਾਂ ਲਈ ਮਨ ਬਦਲਣ ਵਾਸਤੇ ਵੀਰਵਾਰ ਤੱਕ ਦਾ ਸਮਾਂ ਹੈ। ਪਬਲਿਕ ਹੈਲਥ ਅਧਿਕਾਰੀਆਂ ਵੱਲੋਂ ਸਥਾਨਕ ਵਾਸੀਆਂ ਨੂੰ ਆਪਣੇ ਫਲੂ ਸ਼ੌਟ ਲਵਾਉਣ ਦੀ ਬੇਨਤੀ ਕੀਤੀ ਗਈ ਹੈ।



ਜਿਕਰਯੋਗ ਹੈ ਕਿ ਫੋਰਡ ਤੇ ਫੈਡਰਲ ਸਰਕਾਰਾਂ ਵੱਲੋਂ ਇਸ ਸਾਲ ਵੈਕਸੀਨ ਲਈ 70 ਮਿਲੀਅਨ ਡਾਲਰ ਦਾ ਨਿਵੇਸ ਕੀਤਾ ਜਾ ਰਿਹਾ ਹੈ। ਸਿਹਤ ਮੰਤਰਾਲੇ ਵੱਲੋਂ ਇਸ ਨੂੰ ਓਨਟਾਰੀਓ ਦੇ ਇਤਿਹਾਸ ਦੀ ਸੱਭ ਤੋਂ ਵੱਡੀ ਫਲੂ ਇਮਿਊਨਾਈਜੇਸਨ ਕੈਂਪੇਨ ਦੱਸਿਆ ਜਾ ਰਿਹਾ ਹੈ।

# ਲਾਪਤਾ ਲੜਕੇ ਦੀ ਹਾਦਸੇ ਵਿੱਚ ਮੌਤ

ਓਨਟਾਰੀਓ, 15 ਅਕਤੂਬਰ (ਪੋਸਟ ਬਿਊਰੋ) : ਪ੍ਰੋਵਿੰਸ਼ੀਅਲ ਪੁਲਿਸ ਨੇ ਦੱਸਿਆ ਕਿ ਇੱਕ 16 ਸਾਲਾ ਲਾਪਤਾ ਲੜਕੇ ਦੀ ਉਸ ਸਮੇਂ ਮੌਤ ਹੋ ਗਈ ਜਦੋਂ ਉਹ ਸੈਂਟਰਲ ਹੇਸਟਿੰਗਜ਼, ਓਨਟਾਰੀਓ ਵਿੱਚ ਖੋਜਕਾਰੀਆਂ ਨੂੰ ਏਟੀਵੀ ਹਾਦਸੇ ਵਾਲੀ ਥਾਂ ਉੱਤੇ ਮਿਲਿਆ। ਪੁਲਿਸ ਨੇ ਦੱਸਿਆ ਕਿ ਅਧਿਕਾਰੀਆਂ, ਪੁਲਿਸ ਹੈਲੀਕਾਪਟਰ ਤੇ ਵੱਡੀ ਗਿਣਤੀ ਵਿੱਚ ਸਥਾਨਕ ਵਾਸੀਆਂ ਨੇ ਐਤਵਾਰ ਸ਼ਾਮੀ 6:00 ਵਜੇ ਤੋਂ ਲਾਪਤਾ ਇਸ ਟੀਨੇਜਰ ਦੀ ਭਾਲ ਦਾ ਕੰਮ ਜ਼ੋਰਾਂ ਸ਼ੋਰਾਂ ਨਾਲ ਸ਼ੁਰੂ ਕੀਤਾ। ਪੁਲਿਸ ਨੇ ਦੱਸਿਆ ਕਿ ਉਹ ਏਟੀਵੀ ਰਾਈਡ ਉੱਤੇ ਗਿਆ ਹੀ ਨਹੀਂ ਸੀ ਪਰਤਿਆ। ਅਧਿਕਾਰੀਆਂ ਨੇ ਦੱਸਿਆ ਕਿ ਸਿਵਲੀਅਨ ਖੋਜਕਾਰੀਆਂ ਨੂੰ ਉਹ ਲੜਕਾ ਏਟੀਵੀ ਨੂੰ ਪੇਸ਼ ਆਏ ਹਾਦਸੇ ਵਾਲੀ ਥਾਂ ਉੱਤੇ ਤੜਕੇ 2:30 ਵਜੇ ਜ਼ਖ਼ਮੀ ਹਾਲਤ ਵਿੱਚ ਮਿਲਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਕਾਫੀ ਸਮੇਂ ਬਾਅਦ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਉਸ ਦੀ ਪਛਾਣ ਟਵੀਡ, ਓਨਟਾਰੀਓ ਦੇ ਬਰੌਕ ਬੈਟੀ ਵਜੋਂ ਹੋਈ।

# ਕਰੋਨਾਵਾਇਰਸ ਕਲਸਟਰ ਮਿਲਣ ’ਤੇ 9 ਮਿਲੀਅਨ ਲੋਕਾਂ ਦੀ ਜਾਂਚ ਕਰਾਵੇਗਾ ਚੀਨ




ਬੀਜਿੰਗ, 15 ਅਕਤੂਬਰ (ਪੋਸਟ ਬਿਊਰੋ) : ਚੀਨ ਦਾ ਬੰਦਰਗਾਹ ਵਾਲਾ ਸ਼ਹਿਰ ਕੁਇੰਗਦਾਓ ਆਉਣ ਵਾਲੇ ਪੰਜ ਦਿਨਾਂ ਵਿੱਚ ਨੌਂ ਮਿਲੀਅਨ ਲੋਕਾਂ ਦੀ ਕੋਵਿਡ-19 ਜਾਂਚ ਕਰਵਾਉਣ ਦੀ ਯੋਜਨਾ ਬਣਾ ਰਿਹਾ ਹੈ। 12 ਲੋਕਲ ਪੱਧਰ ਉੱਤੇ ਫੈਲੇ ਕਰੋਨਾਵਾਇਰਸ ਕੇਸਾਂ ਕਾਰਨ ਇੱਥੇ ਵੱਡੀ ਆਊਟਬ੍ਰੇਕ ਦਾ ਡਰ ਪੈਦਾ ਹੋ ਗਿਆ ਹੈ।

ਅਗਸਤ ਦੇ ਅੱਧ ਤੋਂ ਹੀ ਚੀਨ ਕਰੋਨ-ਾਵਾਇਰਸ ਮੁਕਤ ਹੋ ਚੁੱਕਿਆ ਹੈ। ਜਿਹੜੇ ਵੀ ਮਾੜੇ ਮੋਟੇ ਕੇਸ ਨਿਕਲਦੇ ਹਨ ਉਹ ਹੋਰਨਾਂ ਥਾਂਵਾਂ ਤੋਂ ਇੱਥੇ ਆਏ ਹਨ। ਪਰ 11 ਅਕਤੂਬਰ ਨੂੰ ਕੁਇੰਗਦਾਓ ਵਿੱਚ ਦਰਜਨ ਭਰ ਲੋਕਲ ਟਰਾਂਸਮਿਟਿਡ ਕੇਸ ਸਾਹਮਣੇ ਆਏ। ਇਨ੍ਹਾਂ ਵਿੱਚੋਂ ਸਾਰੇ ਹੀ ਇੰਪੋਰਟਿਡ ਇਨਫੈਕਸ਼ਨਜ਼ ਦਾ ਇਲਾਜ ਕਰ ਰਹੇ ਹਸਪਤਾਲ ਨਾਲ ਸਬੰਧਤ ਨਿਕਲੇ। ਇਹ ਜਾਣਕਾਰੀ ਸੋਮਵਾਰ ਨੂੰ ਸਿਟੀ ਦੇ ਮਿਊਂਸਪਲ ਹੈਲਥ ਕਮਿਸ਼ਨ ਨੇ ਦਿੱਤੀ। ਕੁਇੰਗਦਾਓ ਚੈਸਟ ਹਾਸਪਿਟਲ, ਜੋ ਕਿ ਲਾਕਡਾਊਨ ਵਿੱਚ ਸੀ, ਵਿੱਚ ਪਹਿਲਾਂ ਹੀ ਮਾਸ ਟੈਸਟ ਕੀਤੇ ਜਾ ਰਹੇ ਹਨ ਤੇ ਸੋਮਵਾਰ ਤੱਕ 114,862, ਸਟਾਫ ਤੇ ਮਰੀਜ਼ ਨੈਗੇਟਿਵ ਆਏ ਹਨ। ਹੁਣ ਇਹ ਟੈਸਟ ਇੱਥੋਂ ਦੀ ਕੁੱਲ 9 ਮਿਲੀਅਨ ਦੀ ਆਬਾਦੀ ਦੇ ਕੀਤੇ ਜਾਣਗੇ। ਇਹ ਸੈਲਾਨੀਆਂ ਦੀ ਪਸੰਦੀਦਾ ਥਾਂ ਹੈ ਤੇ ਹੁਣ ਇਹ ਡਰ ਬਣਿਆ ਹੋਇਆ ਹੈ ਕਿ ਕਿਤੇ ਇੱਥੇ ਕੋਈ ਆਊਟਬ੍ਰੇਕ ਨਾ ਹੋ ਜਾਵੇ।

MARVES HARDWOOD FLOORING
Services:
Fence - Hardwood Flooring
Stairs - Small Renovation
John
416-787-6551

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

CALL TODAY FOR ANY CLASSIFIED OR MATRIMONIAL AD !!!
905-793-2202

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ 25x100ft lot
✓ Individual Yard & Driveway ✓ Finished Basement
40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date
Jagdish Grewal
Sales Representative
Residential | Commercial | Investment
(416) 970-5005
Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3,
ON L6T 5M4 | Fax : 905-488-2101
Office: 905-488-2100 Ext. 348

A/Z CITY DRIVER WANTED
INNOVATION Transportation
○A/Z City Drivers Needed
○Good Pay and good Mileage
○Day, Afternoon & Weekend Shifts
○Weekly Pay
$22 /Hour
○7 Days Work ○All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $58 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here
(905)793-2202
To Reach Wider Audience

# ਬੈਨੇਫਿਟਜ਼ ਹਾਸਲ ਕਰਨ ਲਈ ਸੀਨੀਅਰਜ਼ ਨੂੰ ਫਾਈਲ ਕਰਨੇ ਹੋਣਗੇ ਟੈਕਸ : ਫੈਡਰਲ ਸਰਕਾਰ




ਓਟਵਾ, 15 ਅਕਤੂਬਰ (ਪੋਸਟ ਬਿਊਰੋ) : ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਸੀਨੀਅਰਜ਼ ਨੂੰ ਮਿਲਣ ਵਾਲੇ ਫਾਇਦੇ ਖਤਰੇ ਵਿੱਚ ਪੈ ਗਏ ਹਨ ਕਿਉਂਕਿ ਉਨ੍ਹਾਂ ਵੱਲੋਂ ਆਪਣੇ ਟੈਕਸ ਅਦਾ ਨਹੀਂ ਕੀਤੇ ਗਏ।

ਲਿਬਰਲਾਂ ਵੱਲੋਂ ਜਨਤਕ ਤੌਰ ਉੱਤੇ ਇਨ੍ਹਾਂ ਸੀਨੀਅਰਜ਼ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਜਲਦ ਤੋਂ ਜਲਦ ਆਪਣੀ ਰਿਟਰਨ ਭਰਨ ਤਾਂ ਕਿ ਅਜਿਹਾ ਨਾ ਹੋਵੇ ਕਿ ਉਨ੍ਹਾਂ ਨੂੰ ਮਿਲਣ ਵਾਲੀ ਗਾਰੰਟੀਸ਼ੁਦਾ ਆਮਦਨ ਪਹਿਲੀ ਜਨਵਰੀ ਤੋਂ ਮੁਲਤਵੀ ਹੋ ਜਾਵੇ। ਸਰਕਾਰ ਦੇ ਅੰਦਾਜ਼ੇ ਮੁਤਾਬਕ ਜੇ ਸਮੇਂ ਸਿਰ ਟੈਕਸ ਰਿਟਰਨ ਨਹੀਂ ਭਰੀ ਜਾਂਦੀ ਤਾਂ 63000 ਸੀਨੀਅਰਜ਼ ਨੂੰ ਇਨ੍ਹਾਂ ਬੈਨੇਫਿਟਜ਼ ਦੀ ਅਦਾਇਗੀ ਵਿੱਚ ਵਿਘਨ ਪੈ ਸਕਦਾ ਹੈ।

ਰਿਟਰਨਜ਼ ਹੀ ਉਹ ਤਰੀਕਾ ਹੈ ਜਿਸ ਰਾਹੀਂ ਸਰਕਾਰ ਯੋਗਤਾ ਤੈਅ ਕਰਦੀ ਹੈ ਤੇ ਜੀਆਈਐਸ ਵਰਗੀਆਂ ਅਦਾਇਗੀਆਂ, ਜੋ ਕਿ ਘੱਟ ਆਮਦਨ ਵਾਲੇ ਸੀਨੀਅਰਜ਼ ਨੂੰ ਦਿੱਤੀਆਂ ਜਾਂਦੀਆਂ ਹਨ, ਦੀ ਕੀਮਤ ਤੈਅ ਹੁੰਦੀ ਹੈ। ਇਸ ਤੋਂ ਬਿਨਾਂ ਜਿਨ੍ਹਾਂ ਸੀਨੀਅਰਜ਼ ਨੂੰ ਇਹ ਆਮਦਨ ਹਾਸਲ ਹੁੰਦੀ ਹੈ ਉਨ੍ਹਾਂ ਨੂੰ ਲੋੜੀਂਦੀ ਜਾਣਕਾਰੀ ਦਿੱਤੇ ਬਿਨਾਂ ਕੁੱਝ ਹਾਸਲ ਨਹੀਂ ਹੋਣ ਵਾਲਾ।

2017 ਵਿੱਚ 105,000 ਸੀਨੀਅਰਜ਼ ਦੀਆਂ ਅਦਾਇਗੀਆਂ ਰੋਕ ਦਿੱਤੀਆਂ ਗਈਆਂ ਸਨ ਤੇ ਫਿਰ 2018 ਵਿੱਚ ਇਹ ਅੰਕੜਾ ਘੱਟ ਕੇ 75000 ਰਹਿ ਗਿਆ ਤੇ ਪਿਛਲੇ ਸਾਲ 73000 ਰਹਿ ਗਿਆ। ਆਮਤੌਰ ਉੱਤੇ ਇਹ ਰਿਟਰਨਜ਼ ਅਪਰੈਲ ਵਿੱਚ ਡਿਊ ਹੁੰਦੀਆਂ ਹਨ ਪਰ ਮਹਾਂਮਾਰੀ ਕਾਰਨ ਸੀਨੀਅਰਜ਼ ਵੱਲੋਂ ਰਿਟਰਨ ਭਰਨ ਦੀ ਸਮਾਂ ਸੀਮਾਂ ਇਸ ਮਹੀਨੇ ਤੱਕ ਵਧਾ ਦਿੱਤੀ ਗਈ ਸੀ। 214,000 ਜੀ ਆਈ ਐਸ ਹਾਸਲ ਕਰਨ ਵਾਲਿਆਂ ਨੂੰ ਦਸੰਬਰ ਤੱਕ ਇਹ ਬੈਨੇਫਿਟਜ਼ ਨਿਰਵਿਘਨ ਮਿਲਦੇ ਰਹਿਣਗੇ।

# ਮਿਸੀਸਾਗਾ ਹਾਦਸੇ ਨਾਲ ਸਬੰਧਤ ਤੀਜੇ ਵਿਅਕਤੀ ਦੀ ਹੋਈ ਮੌਤ



ਮਿਸੀਸਾਗਾ, 15 ਅਕਤੂਬਰ (ਪੋਸਟ ਬਿਊਰੋ) : ਪਿਛਲੇ ਹਫਤੇ ਮਿਸੀਸਾਗਾ ਵਿੱਚ ਹੋਏ ਹਾਦਸੇ ਵਿੱਚ ਜ਼ਖ਼ਮੀ ਹੋਏ 64 ਸਾਲਾ ਵਿਅਕਤੀ ਦੀ ਮੌਤ ਹੋ ਗਈ ਹੈ।

ਇਸ ਜ਼ਬਰਦਸਤ ਹਾਦਸੇ ਵਿੱਚ ਜ਼ਖਮੀ ਹੋਇਆ ਇਹ ਤੀਜਾ ਵਿਅਕਤੀ ਸੀ ਜਿਹੜਾ ਜ਼ਖਮਾਂ ਦੀ ਤਾਬ ਨਾ ਸਹਾਰਦਾ ਹੋਇਆ ਦਮ ਤੋੜ ਗਿਆ। 8 ਅਕਤੂਬਰ ਨੂੰ ਹੋਏ ਹਾਦਸੇ ਵਿੱਚ ਪਹਿਲਾਂ ਹੀ ਦੋ ਲੋਕ ਮਾਰੇ ਜਾ ਚੁੱਕੇ ਹਨ। ਪੁਲਿਸ ਨੂੰ ਮਿਸੀਸਾਗਾ ਦੇ ਮੈਕਲਾਫਲਿਨ ਰੋਡ ਤੇ ਹਾਈਵੇਅ 407 ਇਲਾਕੇ ਵਿੱਚ ਹੌਂਡਾ ਸਿਵਿਕ ਤੇ ਮਰਸਡੀਜ਼ ਬੈਂਜ਼ ਦਰਮਿਆਨ ਹੋਈ ਟੱਕਰ ਤੋਂ ਬਾਅਦ ਸੱਦਿਆ ਗਿਆ ਸੀ। 19 ਸਾਲਾ ਲੜਕੀ ਤੇ 64 ਸਾਲਾ ਮਹਿਲਾ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਸੀ। 19 ਸਾਲਾ ਲੜਕੀ ਸਿਵਿਕ ਵਿੱਚ ਸੀ ਤੇ 64 ਸਾਲਾ ਮਹਿਲਾ ਮਰਸਡੀਜ਼ ਵਿੱਚ ਸਵਾਰ ਸੀ। ਮਰਸਡੀਜ਼ ਵਿੱਚ ਤਿੰਨ ਹੋਰ ਯਾਤਰੀਆਂ ਨੂੰ ਜ਼ਖ਼ਮੀ ਹਾਲਤ ਵਿੱਚ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਇਨ੍ਹਾਂ ਵਿੱਚੋਂ ਇੱਕ 64 ਸਾਲਾ ਵਿਅਕਤੀ ਦੀ ਸ਼ਨਿੱਚਰਵਾਰ ਨੂੰ ਮੌਤ ਹੋ ਗਈ। ਅਜੇ ਤੱਕ ਹਾਦਸੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ ਤੇ ਮਾਮਲੇ ਦੀ ਜਾਂਚ ਚੱਲ ਰਹੀ ਹੈ।

# ਜਰਨਲਿਸਟ ਦੇ ਕੌਂਡੋ ਉਤੇ ਗੋਲੀਆਂ ਚਲਾਉਣ ਵਾਲੇ ਪੰਜ ਵਿਅਕਤੀ ਗ੍ਰਿਫਤਾਰ



ਟੋਰਾਂਟੋ, 15 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਵੱਲੋਂ ਇੱਕ ਜਰਨਲਿਸਟ ਦੇ ਘਰ ਉੱਤੇ ਤੜ੍ਹਕੇ ਗੋਲੀਆਂ ਚਲਾਉਣ ਵਾਲੇ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਇੱਕ ਬਿਆਨ ਜਾਰੀ ਕਰਕੇ ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਆਈਸ ਕੌਂਡੋਜ਼ ਨੇੜੇ ਯੌਰਕ ਸਟਰੀਟ ਤੇ ਬ੍ਰੈਮਨਰ ਬੋਲੀਵੀਆਰਡ ਤੋਂ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਮੌਕੇ ਤੋਂ ਇੱਕ ਹਥਿਆਰ ਵੀ ਬਰਾਮਦ ਕੀਤਾ ਗਿਆ। ਕਿਸੇ ਦੇ ਜ਼ਖ਼ਮੀ ਹੋਣ ਜਾਂ ਕਿਸੇ ਉੱਤੇ ਚਾਰਜਿਜ਼ ਲਾਏ ਜਾਣ ਦੀ ਕੋਈ ਰਿਪੋਰਟ ਨਹੀਂ ਮਿਲੀ ਹੈ।

ਕੈਨੇਡੀਅਨ ਪ੍ਰੈੱਸ ਦਾ ਜਰਨਲਿਸਟ, ਜੋ ਕਿ ਆਈਸ ਕੌਂਡੋਜ਼ ਵਿੱਚੋਂ ਹੀ ਇੱਕ ਵਿੱਚ ਰਹਿੰਦਾ ਹੈ, ਨੇ ਦੱਸਿਆ ਕਿ ਉਹ ਸੌਂ ਰਿਹਾ ਸੀ ਕਿ ਤੜ੍ਹਕੇ 2:30 ਵਜੇ ਜ਼ੋਰਦਾਰ ਢੰਗ ਨਾਲ ਦਰਵਾਜ਼ਾ ਵੱਜਣ ਦੀ ਆਵਾਜ਼ ਆਈ ਤਾਂ ਉਹ ਉੱਠ ਬੈਠਿਆ। ਟਿਮੌਨਜ਼ ਨੇ ਦੱਸਿਆ ਕਿ ਉਸ ਨੂੰ ਲੱਗਿਆ ਕਿ ਨਾਲ ਦੇ ਕੌਂਡੋ ਵਿੱਚ ਕਿਸੇ ਨੇ ਜ਼ੋਰ ਦੀ ਦਰਵਾਜ਼ਾ ਮਾਰਿਆ ਹੈ। ਉਸ ਨੇ ਦੱਸਿਆ ਕਿ ਉਸ ਦੇ ਗੁਆਂਢ ਵਿੱਚ ਥੋੜ੍ਹੇ ਸਮੇਂ ਲਈ ਲੋਕ ਕਿਰਾਏ ਉੱਤੇ ਰਹਿੰਦੇ ਹਨ ਤੇ ਉਹ ਕਾਫੀ ਖੱਪ ਵੀ ਪਾਉਂਦੇ ਰਹਿੰਦੇ ਹਨ।

ਉਸ ਨੇ ਦੱਸਿਆ ਕਿ ਅਜੇ ਉਹ ਸੌਣ ਹੀ ਜਾ ਰਿਹਾ ਸੀ ਕਿ ਇੱਕ ਵਾਰੀ ਫੇਰ ਜ਼ੋਰਦਾਰ ਖੜਕਾ ਹੋਇਆ ਤੇ ਇੰਜ ਲੱਗਿਆ ਜਿਵੇਂ ਕੋਈ ਕੱਚ ਦੀ ਚੀਜ਼ ਟੁੱਟ ਗਈ ਹੋਵੇ। ਜਾਂਚ ਤੋਂ ਬਾਅਦ ਉਸ ਨੇ ਪਾਇਆ ਕਿ ਉਸ ਦੇ ਹੀ ਡਰਾਇਰ ਦਾ ਦਰਵਾਜਾ ਨੁਕਸਾਨਿਆ ਗਿਆ ਹੈ। ਫਿਰ ਉਸ ਨੇ ਲਾਈਟ ਲਾ ਕੇ ਦੂਜੇ ਪਾਸੇ ਵਾਲੀ ਕੰਧ ਵੱਲ ਵੇਖਿਆ ਤਾਂ ਉਸ ਵਿੱਚ ਮੋਰੀ ਸੀ।

ਮੌਕੇ ਉੱਤੇ ਪੁਲਿਸ ਸੱਦਣ ਤੋਂ ਬਾਅਦ ਪੁਲਿਸ ਵੱਲੋਂ ਵੀ ਬੈਕ ਅੱਪ ਮੰਗਵਾਇਆ ਗਿਆ। ਟਿਮੌਨਜ ਨੇ ਆਖਿਆ ਕਿ ਉਹ ਖੁਦ ਨੂੰ ਖੁਸਕਿਸਮਤ ਸਮਝਦਾ ਹੈ ਕਿ ਉਸ ਦੀ ਜਾਨ ਬਚ ਗਈ। ਜੇ ਉਹ ਪਹਿਲੀ ਗੋਲੀ ਚੱਲਣ ਤੋਂ ਬਾਅਦ ਉਸ ਦੀ ਜਾਂਚ ਲਈ ਉੱਠਿਆ ਹੁੰਦਾ ਤਾਂ ਦੂਜੀ ਗੋਲੀ ਸਿੱਧਾ ਉਸ ਨੂੰ ਲੱਗਣੀ ਸੀ।

# ਨਵੰਬਰ ਵਿੱਚ ਹਮੇਸ਼ਾਂ ਲਈ ਬੰਦ ਹੋ ਜਾਵੇਗਾ ਮਿਸੀਸਾਗਾ ਦਾ ਪਲੇਡੀਅਮ ਪਾਰਕ



ਮਿਸੀਸਾਗਾ, 15 ਅਕਤੂਬਰ (ਪੋਸਟ ਬਿਊਰੋ) : ਮਿਸੀਸਾਗਾ ਦਾ ਸਕੁਏਅਰ ਵੰਨ ਮਾਲ ਦੇ ਬਾਹਰਵਾਰ ਸਥਿਤ ਪਲੇਅਡੀਅਮ ਪਾਰਕ ਬੰਦ ਹੋਣ ਜਾ ਰਿਹਾ ਹੈ।

ਇਸ ਪਾਰਕ ਦੇ ਅਧਿਕਾਰੀਆਂ ਵੱਲੋਂ ਟਵਿੱਟਰ ਉੱਤੇ ਆਪਣੇ ਗਾਹਕਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਇਸ ਪਾਰਕ ਨੂੰ ਪਹਿਲੀ ਨਵੰਬਰ, 2020 ਤੋਂ ਹਮੇਸ਼ਾਂ ਲਈ ਬੰਦ ਕਰ ਦਿੱਤਾ ਜਾਵੇਗਾ। ਇਹ ਵੀ ਆਖਿਆ ਗਿਆ ਕਿ ਗੋਅ ਕਾਰਟ ਟਰੈਕ ਜਾਂ ਬੈਟਿੰਗ ਕੇਜਿਜ਼ ਦੇ ਆਖਰੀ ਵਾਰੀ ਝੂਟੇ ਲੈਣ ਲਈ ਨਵੰਬਰ ਤੋਂ ਪਹਿਲਾਂ ਪਹਿਲਾਂ ਅਜੇ ਵੀ ਵਿਜ਼ਿਟ ਕੀਤਾ ਜਾ ਸਕਦਾ ਹੈ।

ਲੇਜ਼ਰ ਕੁਐਸਟ, ਜਿਸ ਨੂੰ ਵਿੱਤੀ ਸੰਕਟ ਕਾਰਨ ਪਿੱਛੇ ਜਿਹੇ ਬੰਦ ਕਰ ਦਿੱਤਾ ਗਿਆ ਸੀ, ਵਾਂਗ ਹੀ ਕੋਵਿਡ-19 ਮਹਾਂਮਾਰੀ ਕਾਰਨ ਪਲੇਡੀਅਮ ਨੂੰ ਵੀ ਬੰਦ ਕੀਤਾ ਜਾ ਰਿਹਾ ਹੈ। ਪਲੇਡੀਅਮ ਬਰਥਡੇਅ ਪਾਰਟੀਜ਼ ਤੇ ਸਾਲ ਵਿੱਚ ਹੋਰਨਾਂ ਮੌਕਿਆਂ ਲਈ ਕਾਫੀ ਮਸ਼ਹੂਰ ਸੀ। 40,000 ਸਕੁਏਅਰ ਫੁੱਟ ਵਿੱਚ ਬਣੇ ਇਸ ਪਲੇਡੀਅਮ ਪਾਰਕ ਨੂੰ 1990ਵਿਆਂ ਦੇ ਸ਼ੁਰੂ ਵਿੱਚ ਤਿਆਰ ਕਰਨ ਮਗਰੋਂ ਖੋਲ੍ਹਿਆ ਗਿਆ ਸੀ।

# 15 ਸਾਲਾ ਲਾਪਤਾ ਲੜਕੇ ਦੀ ਭਾਲ ਕਰ ਰਹੀ ਹੈ ਪੁਲਿਸ




ਟੋਰਾਂਟੋ, 15 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਇੱਕ 15 ਸਾਲਾ ਲਾਪਤਾ ਲੜਕੇ ਦੀ ਭਾਲ ਕਰ ਰਹੀ ਹੈ।

ਜੇਸੀਨ ਕੇਬਾਲੋ ਨੂੰ ਆਖਰੀ ਵਾਰੀ 12 ਅਕਤੂਬਰ ਨੂੰ ਦੁਪਹਿਰੇ 2:00 ਵਜੇ ਬ੍ਰਾਊਨਿੰਗ ਐਵਨਿਊ ਤੇ ਲੋਗਨ ਐਵਨਿਊ ਇਲਾਕੇ ਵਿੱਚ ਗ੍ਰੀਕਟਾਊਨ ਨੇੜੇ ਵੇਖਿਆ ਗਿਆ ਸੀ। ਉਸ ਦਾ ਕੱਦ 5 ਫੁੱਟ 5 ਇੰਚ, ਵਜ਼ਨ 110 ਕਿੱਲੋਂ ਤੇ ਅੱਖਾਂ ਦਾ ਰੰਗ ਭੂਰਾ ਸੀ।

ਉਸ ਨੂੰ ਆਖਰੀ ਵਾਰੀ ਗ੍ਰੇਅ ਰੰਗ ਦਾ ਟ੍ਰੈਕਸੂਟ ਪਾਇਆਂ ਵੇਖਿਆ ਗਿਆ। ਇਸ ਸਬੰਧ ਵਿੱਚ ਜਾਣਕਾਰੀ ਰੱਖਣ ਵਾਲੇ ਨੂੰ ਪੁਲਿਸ ਨਾਲ ਸੰਪਰਕ ਕਰਨ ਲਈ ਆਖਿਆ ਗਿਆ।

# ਮੁਲਾਜ਼ਮ ਦੇ ਕੋਵਿਡ-19 ਪਾਜ਼ੀਟਿਵ ਪਾਏ ਜਾਣ ਤੋਂ ਬਾਅਦ ਮੈਕਡੌਨਲਡ ਰੈਸਟੋਰੈਂਟ ਬੰਦ



ਓਨਟਾਰੀਓ, 15 ਅਕਤੂਬਰ (ਪੋਸਟ ਬਿਊਰੋ) : ਇੱਕ ਮੁਲਾਜ਼ਮ ਦੇ ਕੋਵਿਡ-19 ਪਾਜ਼ੀਟਿਵ ਪਾਏ ਜਾਣ ਤੋਂ ਬਾਅਦ ਜੰਕਸ਼ਨ ਵਿਚਲਾ ਮੈਕਡੌਨਲਡਜ਼ ਰੈਸਟੋਰੈਂਟ ਬੰਦ ਕਰ ਦਿੱਤਾ ਗਿਆ।

ਕੰਪਨੀ ਨੇ ਆਖਿਆ ਕਿ 630 ਕੀਲ ਸਟਰੀਟ ਲੋਕੇਸ਼ਨ ਦਾ ਮੁਲਾਜ਼ਮ ਮੰਗਲਵਾਰ ਨੂੰ ਕੋਵਿਡ-19 ਪਾਜ਼ੀਟਿਵ ਪਾਇਆ ਗਿਆ। ਉਨ੍ਹਾਂ ਦੀ ਆਖਰੀ ਸ਼ਿਫਟ 6 ਅਕਤੂਬਰ ਨੂੰ ਦੁਪਹਿਰ ਦੇ 3:00 ਵਜੇ ਤੋਂ ਰਾਤ ਦੇ 11:00 ਵਜੇ ਤੱਕ ਸੀ। ਇਸ ਰੈਸਟੋਰੈਂਟ ਨੂੰ ਚੰਗੀ ਤਰ੍ਹਾਂ ਸਾਫ ਤੇ ਸੈਨੇਟਾਈਜ਼ ਕੀਤਾ ਜਾ ਚੁੱਕਿਆ ਹੈ।

ਜਿੰਨੇ ਵੀ ਅਮਲਾ ਮੈਂਬਰ ਇਸ ਮੁਲਾਜ਼ਮ ਦੇ ਸੰਪਰਕ ਵਿੱਚ ਆਏ ਸਨ, ਸਾਰਿਆਂ ਨੂੰ ਸੈਲਫ ਆਈਸੋਲੇਟ ਕਰਨ ਲਈ ਆਖ ਦਿੱਤਾ ਗਿਆ ਹੈ। ਇਹ ਵੀ ਆਖਿਆ ਜਾ ਰਿਹਾ ਹੈ ਕਿ ਮੈਕਡੌਨਲਡ ਦਾ ਕੋਈ ਵੀ ਗੈਸਟ, ਜਿਹੜਾ 6 ਅਕਤੂਬਰ ਨੂੰ ਲੋਕੇਸ਼ਨ ਉੱਤੇ ਸੀ, ਉਹ ਓਨਟਾਰੀਓ ਪਬਲਿਕ ਹੈਲਥ ਸਰਵਿਸਿਜ਼ ਤੋਂ ਸੇਧ ਲਵੇ।





NEW CONDOS COMING SOON

Beautiful nature, luxurious amenities, a rooftop lifestyle park, close to urban conveniences, in vibrant downtown Mississauga.

Starting From $440,900

FREE ASSIGNMENT

PERMISSION TO LEASE DURING OCCUPANCY

CAPPED DEVELOPMENT CHARGERS

QUICK FACTS

Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites

EXTENDED DEPOSIT STRUCTURE

$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy







Residential
Commercial
Investment

Century 21
President Realty Inc
Brokerage*
Independently Owned and Operated.

Grewalhomes.com

Jagdish Grewal
Sales Representative

416 877-6464
or E-mail Jagdish@grewalhomes.com


Ride Ontario's Heritage Railway
SPECIAL RIDES
FALL COLOURS TOURS
Starts From Sep 27
Reservation only
ਪੱਤਿਆਂ ਦੇ ਬਦਲਦੇ ਰੰਗਾਂ ਦਾ ਕੁਦਰਤੀ ਨਜਾਰਾ ਯਾਨੀ ਪਤਝੜ (Falls) ਦਾ ਇਸ ਵਾਰੀ Beeton Creek Valley ਵਿੱਚ South Simcoe ਦੀ Heritage Train ਰਾਹੀਂ ਆਪਣੇ ਪਰਿਵਾਰ ਸਮੇਤ ਆਨੰਦ ਮਾਣੋ
SOUTH SIMCOE RAILWAY
ONTARIO'S FIRST STEAM HERITAGE RAILWAY
Ask about on-board Birthday Parties!
ਬਰੈਂਪਟਨ ਤੋਂ ਸਿਰਫ 20 ਮਿੰਟ ਦੀ ਦੂਰੀ ਤੇ
ਪਾਰਕਾਂ ਵਿੱਚ ਪਿਕਨਿਕ ਮਨਾਉਣ ਦਾ ਨਜ਼ਾਰਾ ਲੈਣ ਲਈ: www.tottenhamconservation.com
For complete information, fares & schedules, please visit southsimcoerailway.ca
GPS 44 . 01 . 19 N
79 . 48 . 27 W
or call:905.936.5815
VISA
MasterCard
Interac


ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017

